
ਸਿੱਖੀ ਦੀ ਆਨ ਤੇ ਸ਼ਾਨ
ਦਸਤਾਰ
ਸੰਪਾਦਕ : ਸਿਮਰਜੀਤ ਸਿੰਘ

# ਸੰਦੇਸ਼

ਦਸਤਾਰ ਸਿੱਖ ਪਹਿਰਾਵੇ ਦਾ ਇਕ ਅਨਿੱਖੜ ਹਿੱਸਾ ਹੈ। ਦਸਤਾਰ ਤੋਂ ਬਿਨਾਂ ਤਾਂ ਸਿੱਖ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਜਦੋਂ ਵੀ ਕੋਈ ਮਨੁੱਖ ਨਾਨਕ ਨਾਮ-ਲੇਵਾ ਸਿੱਖ ਦੀ ਗੱਲ ਕਰਦਾ ਹੈ, ਦਸਮੇਸ਼ ਪਿਤਾ ਦੇ ਸਾਜੇ-ਨਿਵਾਜੇ ਖ਼ਾਲਸੇ ਦਾ ਉਲੇਖ ਕਿਸੇ ਵੀ ਪ੍ਰਸੰਗ ਵਿਚ ਹੁੰਦਾ ਹੈ ਤਾਂ ਕੇਸਾਂ-ਦਾਹੜੀ ਸਹਿਤ ਇਕ ਸਾਬਤ ਸੂਰਤਿ ਇਨਸਾਨ ਦਾ ਅਕਸ ਸਹਿਜੇ ਹੀ ਉਹ ਉਲੇਖ ਕਰਨ-ਸੁਣਨ ਵਾਲਿਆਂ ਦੇ ਮਨ-ਅੰਤਰ ਵਿਚ ਵਿਦਮਾਨ ਹੁੰਦਾ ਹੈ। ਇਉਂ ਦਸਤਾਰ ਸਿੱਖਾਂ ਦਾ ਮੂਲ ਧਾਰਮਿਕ ਚਿੰਨ੍ਹ ਅਤੇ ਇਸ ਦੇ ਨਾਲ-ਨਾਲ ਉਨ੍ਹਾਂ ਦੀ ਨਿਵੇਕਲੀ ਪਛਾਣ ਦਾ ਵੀ ਪ੍ਰਤੀਕ ਹੈ। ਹਜ਼ਾਰਾਂ-ਲੱਖਾਂ ਦੀ ਭੀੜ 'ਚੋਂ 'ਸਾਬਤ ਸੂਰਤਿ ਦਸਤਾਰ ਸਿਰਾ' ਦਾ ਧਾਰਨੀ ਪਛਾਣਿਆ ਜਾਂਦਾ ਹੈ। ਹਰ ਸਿੱਖ ਇਸ ਨਿਵੇਕਲੀ ਪਛਾਣ ਬਖ਼ਸ਼ਣ ਵਾਲੇ ਦਸ ਗੁਰੂ ਸਾਹਿਬਾਨ ਦਾ ਰਿਣੀ ਹੈ। ਹਿੰਦੁਸਤਾਨ ਦੀ ਧਰਤੀ ਉੱਪਰ ਸਰਬ-ਸਾਧਾਰਨ ਲੋਕਾਈ ਦੀ ਸਦੀਆਂ ਤੋਂ ਬਾਹਰੀ ਹਮਲਾਵਰਾਂ ਅਤੇ ਫਿਰ ਹਮਲਾਵਰਾਂ ਤੋਂ ਬਣ ਬੈਠੇ ਹਾਕਮਾਂ ਦੁਆਰਾ ਉਤਾਰੀ ਅਤੇ ਰੋਲੀ ਜਾ ਰਹੀ ਪਗੜੀ ਮੁੜ ਉਠਾ ਕੇ ਇਸ ਨੂੰ ਸੀਸ 'ਤੇ ਸਜਾਉਣ ਦੀ ਸਵੈਮਾਣ ਭਰੀ ਜੁਗਤ ਬਖ਼ਸ਼ਣ ਵਾਲੇ ਸਿੱਖ ਗੁਰੂ ਸਾਹਿਬਾਨ ਹੀ ਤਾਂ ਹਨ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਨਾਮ-ਲੇਵਾ ਸਿੱਖਾਂ ਨੂੰ ਦਸਤਾਰਧਾਰੀ ਹੋਣ ਦੇ ਫ਼ਰਮਾਨ ਕੀਤੇ ਸਨ।

ਅੱਜ ਦੇ ਵਿਸ਼ੇਸ਼ ਪ੍ਰਸੰਗ ਵਿਚ ਸਿੱਖਾਂ ਨੂੰ ਜਿੱਥੇ ਹੋਰ ਅਨੇਕਾਂ ਵੰਗਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਦਸਤਾਰ ਦੀ ਰਖਵਾਲੀ ਤੇ ਬਹਾਲੀ ਖ਼ਾਤਰ ਵੀ ਉਨ੍ਹਾਂ ਨੂੰ ਅੰਤਰਾਸ਼ਟਰੀ ਮੰਚ 'ਤੇ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਅਮਰੀਕਾ, ਇੰਗਲੈਂਡ, ਕੈਨੇਡਾ ਅਤੇ ਫਰਾਂਸ ਆਦਿ ਮੁਲਕਾਂ ਅੰਦਰ ਸਕੂਲਾਂ 'ਚ ਪੜ੍ਹਦੇ ਵਿਦਿਆਰਥੀਆਂ ਤੋਂ ਲੈ ਕੇ ਕਾਰਖਾਨਿਆਂ ਅਤੇ ਹੋਰ ਕਈ ਅਦਾਰਿਆਂ ਵਿਚ ਕੰਮ ਕਰਨ ਵਾਲੇ ਸਿੱਖਾਂ ਨੂੰ ਆਪਣੇ ਸੀਸ 'ਤੇ ਦਸਤਾਰ ਬਰਕਰਾਰ ਰੱਖਣ ਲਈ ਵੱਖ-ਵੱਖ ਅਦਾਰਿਆਂ ਅਤੇ ਸਰਕਾਰਾਂ ਨਾਲ ਸੰਘਰਸ਼ ਕਰਨਾ ਪੈ ਰਿਹਾ ਹੈ। ਬਿਨਾਂ ਸ਼ੱਕ ਕਈ ਥਾਈਂ ਗੁਰੂ ਕੇ ਸਿੱਖਾਂ ਨੂੰ ਉਨ੍ਹਾਂ ਦੇ ਅਕੀਦੇ ਅਤੇ ਵਾਜਿਬ ਹੱਕ ਨੂੰ ਮਨਵਾਉਣ ਵਿਚ ਸਫ਼ਲਤਾ ਵੀ ਪ੍ਰਾਪਤ ਹੋਈ ਹੈ ਪਰ ਅਜੇ ਵੀ ਸਮੱਸਿਆ ਦਰਪੇਸ਼ ਹੈ। ਪਿਛਲੇ ਕੁਝ ਸਮੇਂ ਤੋਂ ਕਈ ਕਾਰਨਾਂ ਕਰਕੇ ਸਿੱਖ ਕਹਾਉਣ

ਵਾਲਿਆਂ ਲੋਕਾਂ ਤੇ ਖਾਸ ਕਰ ਨੌਜਵਾਨ ਪੀੜ੍ਹੀ 'ਚ ਪਤਿਤਪੁਣਾ ਆ ਜਾਣ ਕਾਰਨ ਵੀ ਦਸਤਾਰ ਦੀ ਸਨਮਾਨ ਬਹਾਲੀ ਇਕ ਗੰਭੀਰ ਵੰਗਾਰ ਦਾ ਰੂਪ ਬਣ ਕੇ ਖੜ੍ਹੀ ਹੈ।

ਇਸ ਉਕਤ ਹਾਲਤ ਦੇ ਮੱਦੇਨਜ਼ਰ ਪਹਿਲਾਂ ਜੂਨ ੨੦੦੫ 'ਚ 'ਗੁਰਮਤਿ ਪ੍ਰਕਾਸ਼' ਦਾ ਦਸਤਾਰ ਵਿਸ਼ੇਸ਼ ਅੰਕ ਕੱਢਿਆ ਗਿਆ। ਜਿਸ ਨੂੰ ਮਿਲੇ ਬਹੁਤ ਹੀ ਭਰਪੂਰ ਹੁੰਗਾਰੇ ਤੋਂ ਉਤਸ਼ਾਹਿਤ ਹੁੰਦਿਆਂ ਸਤਿਕਾਰਯੋਗ ਬੀਬੀ ਜਗੀਰ ਕੌਰ ਜੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਪ੍ਰਧਾਨਗੀ 'ਚ ਇਸ ਦੀ ਧਰਮ ਪ੍ਰਚਾਰ ਕਮੇਟੀ ਨੇ ਦਸਤਾਰ ਸਬੰਧੀ ਟ੍ਰੈਕਟ 'ਸਿੱਖੀ ਦੀ ਆਨ ਤੇ ਸ਼ਾਨ' ਤਿਆਰ ਕਰਵਾ ਕੇ ਭੇਟਾ ਰਹਿਤ ਵੰਡਣ ਦਾ ਯੁੱਗ-ਅਨੁਸਾਰੀ ਫੈਸਲਾ ਲਿਆ ਜਿਸ ਦੇ ਨਤੀਜੇ ਵਜੋਂ ਇਹ ਹਥਲਾ ਟ੍ਰੈਕਟ ਜੁਲਾਈ ੨੦੦੫ ਵਿਚ ਪਹਿਲੀ ਵਾਰ ਪ੍ਰਕਾਸ਼ਤ ਕੀਤਾ ਗਿਆ। ਦੂਸਰੀ ਵਾਰ ਅਪ੍ਰੈਲ ੨੦੦੭ 'ਚ ਇਸ ਨੂੰ ਜ਼ੋਰਦਾਰ ਮੰਗ ਦੇ ਮੱਦੇਨਜ਼ਰ ਮੁੜ ਹਜ਼ਾਰਾਂ ਦੀ ਗਿਣਤੀ ਵਿਚ ਛਾਪਿਆ ਗਿਆ। ਹੁਣ ਤੀਸਰੀ ਵਾਰ ਅਪ੍ਰੈਲੇ ੨੦੦੯ 'ਚ ਇਸ ਦਾ ਤੀਸਰਾ ਸੰਸਕਰਣ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਟ੍ਰੈਕਟ ਵਿਚ ਵੱਖ-ਵੱਖ ਲੇਖਕਾਂ ਦੇ ਮਿਆਰੀ ਲੇਖ ਸ਼ਾਮਲ ਹਨ ਜੋ ਜਿੱਥੇ ਦਸਤਾਰ ਸਬੰਧੀ ਭਰਪੂਰ ਜਾਣਕਾਰੀ ਪ੍ਰਦਾਨ ਕਰਦੇ ਹਨ, ਉਥੇ ਇਹ ਦਸਤਾਰ ਦੇ ਸ਼ਾਨਾਮੱਤੇ ਸਿੱਖ ਵਿਰਸੇ ਨੂੰ ਹਰ ਨਾਨਕ ਨਾਮ-ਲੇਵਾ ਸਿੱਖ ਨੂੰ ਮਹਿਸੂਸ ਕਰਾਉਣ ਵਾਸਤੇ ਵੀ ਉੱਚਾ-ਸੁੱਚਾ ਪ੍ਰਭਾਵ ਰੱਖਦੇ ਹਨ। 'ਗੁਰਮਤਿ ਪ੍ਰਕਾਸ਼' ਦੇ ਸੰਪਾਦਕ ਸ. ਸਿਮਰਜੀਤ ਸਿੰਘ ਹੋਰਾਂ ਦਾ ਇਹ ਸਾਰਥਕ ਯਤਨ ਸਿੱਖ ਕੌਮ ਵਿਚ ਦਸਤਾਰ ਦੀ ਵਿਰਾਸਤ ਨੂੰ ਮਹਿਸੂਸ ਕਰਨ ਦਾ ਅਹਿਸਾਸ ਜਗਾਉਣ 'ਚ ਮਹੱਤਵਪੂਰਨ ਹਿੱਸਾ ਪਾ ਰਿਹਾ ਹੈ ਅਤੇ ਪਾਉਂਦਾ ਰਹੇਗਾ।

ਗੁਰੂ-ਪੰਥ ਦਾ ਦਾਸ,

ਪ੍ਰਧਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ।

## ਤਤਕਰਾ


| | | |
|---|---|---|
| ਸੰਦੇਸ਼ | | ੧ |
| ਸਨਮਾਨ ਬਹਾਲੀ ਵਾਸਤੇ ਯਤਨਸ਼ੀਲ ਹੋਈਏ! | -ਸਿਮਰਜੀਤ ਸਿੰਘ | ੪ |
| ਗੌਰਵ ਭਰਪੂਰ ਹੈ ਦਾਸਤਾਨ-ਏ-ਦਸਤਾਰ | -ਪ੍ਰੋ. ਆਸਾ ਸਿੰਘ (ਕਪੂਰਥਲਾ) | ੮ |
| ਸਾਡਾ ਪਹਿਰਾਵਾ : ਪਗੜੀ | -ਸ. ਸ਼ਮਸ਼ੇਰ ਸਿੰਘ 'ਅਸ਼ੋਕ' | ੧੨ |
| ਸਿੱਖ ਸਰਦਾਰੀ ਦਾ ਪ੍ਰਤੀਕ- ਦਸਤਾਰ | -ਸ. ਅਮਰਿੰਦਰ ਸਿੰਘ ਦਾਨਗੜ੍ਹ | ੧੫ |
| ਦਸਤਾਰ | -ਡਾ. ਗੁਰਮੁਖ ਸਿੰਘ | ੧੯ |
| ਆਜ਼ਾਦੀ ਲਈ ਸੰਘਰਸ਼ ਕਾਲ 'ਚ | | |
| ਪਗੜੀ ਦੀ ਸ਼ਾਨ ਬਹਾਲੀ | -ਡਾ. ਹਰਮਨਦੀਪ ਸਿੰਘ | ੨੧ |
| ਦਰਗਾਹੀ ਪਰਵਾਨਗੀ ਦਾ ਸਿਰੋਪਾਉ : ਦਸਤਾਰ | -ਸ. ਹਰਪ੍ਰੀਤ ਸਿੰਘ 'ਨਾਜ਼' | ੨੩ |
| ਦਸਤਾਰ | -ਪ੍ਰਿੰ. ਜਗਜੀਤ ਸਿੰਘ | ੨੫ |
| ਜਾਗ ਨੌਜਵਾਨ! ਵਿਰਸਾ ਪਹਿਚਾਣ!! | -ਸ. ਚਮਕੌਰ ਸਿੰਘ | ੨੯ |
| ਦਸਤਾਰ ਦੀ ਕਹਾਣੀ ਦਸਤਾਰ ਦੀ ਜ਼ੁਬਾਨੀ | -ਸ. ਜਸਵਿੰਦਰ ਸਿੰਘ ਐਡਵੋਕੇਟ | ੩੨ |
| ਦਸਤਾਰਧਾਰੀ ਸਿੱਖ : | | |
| ਜਿਨ੍ਹਾਂ ਫਰਾਂਸ ਦੀ ਆਜ਼ਾਦੀ ਲਈ ਜਾਨਾਂ ਵਾਰੀਆਂ | -ਸ. ਵਰਿੰਦਰ ਸਿੰਘ | ੩੪ |
| ਨਿਹੰਗ ਸਿੰਘਾਂ ਦੇ ਦਸਤਾਰੇ | -ਡਾ. ਜਸਬੀਰ ਸਿੰਘ ਕਸ਼ਮੀਰ | ੩੮ |

# ਆਓ! ਦਸਤਾਰ ਦੀ ਆਨ-ਸ਼ਾਨ ਤੇ ਸਨਮਾਨ ਬਹਾਲੀ ਵਾਸਤੇ ਯਤਨਸ਼ੀਲ ਹੋਈਏ!

*-ਸਿਮਰਜੀਤ ਸਿੰਘ*

ਕੇਸਾਧਾਰੀ ਰਹਿਣਾ ਪੁਰਾਤਨ ਕਾਲ ਤੋਂ ਨੇਕ ਅਤੇ ਮਹਾਨ ਵਿਅਕਤੀਆਂ ਦੀ ਮਰਯਾਦਾ ਰਹੀ ਹੈ। ਕੇਸਾਂ ਦੀ ਸੰਭਾਲ ਕਰਨ ਲਈ ਦਸਤਾਰਾਂ ਦੇ ਨਵੇਂ-ਨਵੇਂ ਰੂਪ ਧਾਰ ਕੇ, ਸਿਰ 'ਤੇ ਸਜਾ ਕੇ ਹਰ ਇਕ ਵਿਅਕਤੀ ਮਾਣ ਮਹਿਸੂਸ ਕਰਦਾ ਆਇਆ ਹੈ। ਭਾਰਤ 'ਤੇ ਅਨੇਕਾਂ ਧਾੜਵੀਆਂ ਨੇ ਆ ਕੇ ਹਮਲਾ ਕੀਤਾ ਅਤੇ ਇਹ ਧਾੜਵੀ ਹਮੇਸ਼ਾਂ ਆਪਣੀਆਂ ਪੱਗਾਂ ਨੂੰ ਤਾਂ ਹੀਰੇ-ਮੋਤੀਆਂ ਨਾਲ ਸ਼ਿੰਗਾਰਦੇ ਪਰ ਗੁਲਾਮਾਂ ਨੂੰ ਕੇਸ ਕਤਲ ਕਰਨ ਲਈ ਮਜਬੂਰ ਕਰਦੇ ਤਾਂ ਕਿ ਉਹ ਪੱਗਾਂ ਨਾ ਬੰਨ੍ਹ ਸਕਣ, ਜਿਸ ਨਾਲ ਸਾਡੇ ਅਨਮੋਲ ਵਿਰਸੇ ਨੂੰ ਭਾਰੀ ਸੱਟ ਵੱਜਦੀ ਰਹੀ। ਇਕ ਇਤਿਹਾਸਕ ਘਟਨਾ ਦਾ ਜ਼ਿਕਰ ਭਾਈ ਸੰਤੋਖ ਸਿੰਘ ਜੀ ਨੇ 'ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਕੀਤਾ ਹੈ ਕਿ ਪਾਂਡਵ ਰਾਜ ਦੇ ਬਹੁਤ ਸਮਾਂ ਬਾਅਦ ਭਾਰਤ ਵਿਚ ਨੰਦ ਨਾਮਕ ਖਾਨਦਾਨ ਦੇ ਰਾਜੇ ਰਾਜ ਕਰਦੇ ਸਨ। ਇਕ ਨੰਦ ਰਾਜਾ ਉੱਘੇ ਪ੍ਰਤਾਪ ਦਾ ਮਾਲਕ ਸੀ। ਉਸ ਨੇ ਛੋਟੇ-ਮੋਟੇ ਰਾਜਿਆਂ ਨੂੰ ਜਿੱਤ ਕੇ ਉਨ੍ਹਾਂ ਨੂੰ ਦੇਸ਼-ਨਿਕਾਲਾ ਦੇ ਦਿੱਤਾ ਪਰ ਨੰਦ ਰਾਜਾ ਅੰਦਰੋਂ-ਅੰਦਰੀ ਬਹੁਤ ਡਰਦਾ ਸੀ ਕਿ ਇਹ ਰਾਜੇ ਉਸ ਦੇ ਰਾਜ ਨੂੰ ਨਸ਼ਟ ਨਾ ਕਰ ਦੇਣ। ਨੰਦ ਰਾਜੇ ਨੇ ਆਪਣੇ ਵਜ਼ੀਰਾਂ ਨਾਲ ਸਲਾਹ-ਮਸ਼ਵਰਾ ਕੀਤਾ ਕਿ ਇਨ੍ਹਾਂ ਦੀ ਤਾਕਤ ਨੂੰ ਕਿਸ ਤਰ੍ਹਾਂ ਨਸ਼ਟ ਕੀਤਾ ਜਾਵੇ, ਸੋ ਸਾਰਿਆਂ ਨੇ ਸਲਾਹ ਦਿੱਤੀ ਕਿ ਇਨ੍ਹਾਂ ਰਾਜਿਆਂ ਦੇ ਕੇਸ ਕਤਲ ਕਰ ਦਿੱਤੇ ਜਾਣ:—

*ਦਿਜਬਰ ਬਿਦਜਾ ਜਿਤਿਕ ਪ੍ਰਬੀਨਾ। ਸਭਿ ਕੋ ਕੀਜਹਿ ਕੇਸ਼ ਬਹੀਨਾ॥੫੦॥*
*ਸੂਦ੍ਰ ਛਾਪ ਅਪਨੀ ਦਿਹੁ ਲਾਇ। ਮੂੰਡੇ ਸੀਸ ਮੰਤ੍ਰ ਨਿਹਫਲਾਇ।*
*ਬਰਨੀ ਸਿੱਧ ਨ ਕਿਸ ਕੀ ਹੋਇ। ਅਨਿਕ ਉਪਾਇ ਕਰਹਿ ਜੇ ਕੋਇ॥੫੧॥*

*(ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤ ੫, ਅੰਸੂ ੨੯)*

ਸਭ ਵਿਦਵਾਨਾਂ ਨੂੰ ਕੈਦ ਕਰਕੇ ਉਨ੍ਹਾਂ ਦੇ ਕੇਸ ਅਤੇ ਦਾੜ੍ਹੀਆਂ ਜਬਰਦਸਤੀ ਮੁੰਡਵਾ ਦਿੱਤੀਆਂ ਗਈਆਂ।

ਇਕ ਸਮਾਂ ਸੀ ਜਦੋਂ ਕੇਸ ਕਤਲ ਕਰਨਾ ਭਾਰੀ ਸਜ਼ਾ ਸਮਝੀ ਜਾਂਦੀ ਸੀ। ਇਸ ਦੇ ਪ੍ਰਮਾਣ ਭੀ ਮਿਲਦੇ ਹਨ ਕਿ ਰੁਕਮਣੀ ਦੇ ਬਿਨੈ ਕਰਨ ਉੱਤੇ ਉਸ ਦੇ ਭਰਾ ਰੁਕਮਣ ਦਾ ਸਿਰ ਕੱਟਣ ਦੀ ਥਾਂ ਸ੍ਰੀ ਕ੍ਰਿਸ਼ਨ ਜੀ ਨੇ ਉਸ ਦੇ ਕੇਸ ਕੱਟ ਦਿੱਤੇ ਸਨ।

ਸਿੱਖ ਧਰਮ ਵਿਚ ਦਸਤਾਰ ਦੇ ਸਤਿਕਾਰ ਦੀ ਕਹਾਣੀ ਸਿੱਖ ਧਰਮ ਜਿੰਨੀ ਹੀ ਪੁਰਾਣੀ ਹੈ। ਸਿੱਖ ਧਰਮ ਦੇ ਸੰਸਥਾਪਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਕੇਸਾਂ ਦਾ ਸਤਿਕਾਰ ਕਰਦਿਆਂ ਸਿਰ 'ਤੇ ਦਸਤਾਰ ਸਜਾਉਂਦੇ ਸਨ। ਇਸ ਬਾਰੇ ਕਵੀ ਸੰਤੋਖ ਸਿੰਘ ਜੀ ਚੂੜਾਮਣੀ ਨੇ 'ਸ੍ਰੀ ਨਾਨਕ ਪ੍ਰਕਾਸ਼' ਵਿਚ ਜ਼ਿਕਰ ਕੀਤਾ ਹੈ ਕਿ-

*ਜਲ ਲੋਚਨ ਕੰਜ ਬਿਸਾਲ ਭਲੇ ਸਿਰ ਪੈ ਉਸ਼ਨੀਕਹਿ ਨੀਕ ਬਨ੍ਹਾਈ।*

*ਚਟਸਾਰ ਜਹਾਂ ਅਤਿ ਚਾਰੁ ਬਨੀ ਬਹੁ ਬਾਰਿਕ ਬਾਰਹਿ ਬਾਰ ਅਲਾਈ।*

ਅਰਥਾਤ ਜਦੋਂ ਬਾਲ ਨਾਨਕ ਜੀ ਨੂੰ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਜੀ ਪਾਂਧੇ ਪਾਸ ਚਟਸਾਲ ਵਿਚ ਲੈ ਕੇ ਗਏ ਤਾਂ ਉਸ ਸਮੇਂ ਬਾਲ ਨਾਨਕ ਜੀ ਨੇ ਵੀ ਸਿਰ ਉੱਪਰ ਸੁੰਦਰ ਦਸਤਾਰ ਸਜਾਈ ਹੋਈ ਸੀ।

ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰੂ-ਘਰ ਤੋਂ ਹਰ ਸਾਲ ਦਸਤਾਰ ਰੂਪੀ ਸਿਰੋਪਾਓ ਬਖਸ਼ਿਸ਼ ਹੁੰਦਾ ਰਿਹਾ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਸਤਾਰ ਦੀ ਮਹਾਨਤਾ ਨੂੰ ਸਮਝਦੇ ਹੋਏ ਦੂਹਰੀ ਦਸਤਾਰ ਸਜਾਈ ਜਿਸ ਦੀ ਸੁੰਦਰਤਾ ਤੇ ਜਾਹੋ-ਜਲਾਲ ਦਾ ਜ਼ਿਕਰ ਸਮਕਾਲੀ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਕੀਤਾ। ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਦੀ ਵਿਸਾਖੀ ਵਾਲੇ ਦਿਨ ਜਿਥੇ ਸਿੱਖਾਂ ਨੂੰ ਨਿਵੇਕਲੀ ਪਛਾਣ ਦਿੱਤੀ, ਉਥੇ ਦਸਤਾਰ ਨੂੰ ਸਿੱਖਾਂ ਦਾ ਜ਼ਰੂਰੀ ਅੰਗ ਬਣਾ ਕੇ ਇਨ੍ਹਾਂ ਨੂੰ ਸਦਾ-ਸਦਾ ਲਈ ਸਰਦਾਰੀਆਂ ਬਖ਼ਸ਼ ਦਿੱਤੀਆਂ ਅਤੇ ਦਸਤਾਰ ਸਬੰਧੀ ਵਿਸ਼ੇਸ਼ ਰਹਿਤਾਂ ਵੀ ਲਾਗੂ ਕੀਤੀਆਂ।

ਸਮੇਂ-ਸਮੇਂ ਦੀਆਂ ਸਰਕਾਰਾਂ ਦੀਆਂ ਅੱਖਾਂ ਵਿਚ ਹਮੇਸ਼ਾਂ ਹੀ ਸਿੱਖਾਂ ਦੀ ਪੱਗ ਚਰਚਾ ਦਾ ਵਿਸ਼ਾ ਰਹੀ ਹੈ। ਇਸ ਦਾ ਇਕ ਕਾਰਨ ਤਾਂ ਇਹ ਹੋ ਸਕਦਾ ਹੈ ਕਿ ਸਿੱਖਾਂ ਨੇ ਕਦੇ ਵੀ ਕਿਸੇ ਜ਼ਾਲਮ ਸਰਕਾਰ ਅੱਗੇ ਝੁਕ ਕੇ ਆਪਣੀ ਦਸਤਾਰ ਉਤਾਰ ਕੇ ਗ਼ੁਲਾਮੀ ਕਬੂਲ ਨਹੀਂ ਕੀਤੀ ਸਗੋਂ ਦਸਤਾਰ ਦੀ ਆਨ-ਸ਼ਾਨ ਲਈ ਸਿਰ-ਧੜ ਦੀ ਬਾਜ਼ੀ ਲਗਾ ਦਿੱਤੀ। ਇਹੋ ਕਾਰਨ ਹੈ ਕਿ ਭਾਰਤ ਦੀ ਆਜ਼ਾਦੀ ਵਿਚ ਵੀ ੮੦% ਸਿੱਖ ਹੀ ਜੂਝੇ ਅਤੇ ਇਨ੍ਹਾਂ ਦਾ ਇਨਕਲਾਬੀ ਸੰਦੇਸ਼ ਵੀ ਇਹ ਸੀ 'ਪਗੜੀ ਸੰਭਾਲ' ਜਿਸ ਨੇ ਸਿੱਖਾਂ ਵਿਚ ਨਵੀਂ ਰੂਹ ਫੂਕ ਦਿੱਤੀ ਸੀ। ਦੂਜੇ ਵਿਸ਼ਵ ਯੁੱਧ ਦੌਰਾਨ ਬਰਤਾਨਵੀ ਫੌਜ ਨੇ ਫੌਜੀਆਂ ਨੂੰ ਲੋਹ-ਟੋਪ ਪਾਉਣਾ ਲਾਜ਼ਮੀ ਕਰਾਰ ਕਰ ਦਿੱਤਾ ਪਰ ਸਿੱਖਾਂ ਨੇ ਆਪਣੀ ਆਜ਼ਾਦੀ ਦੀ ਨਿਸ਼ਾਨੀ ਅਤੇ ਸਿਰ ਦੇ ਤਾਜ ਦਸਤਾਰ ਉੱਪਰ ਕਿਸੇ ਤਰ੍ਹਾਂ ਦਾ ਲੋਹ-ਟੋਪ ਪਹਿਨਣ ਤੋਂ ਡਟ ਕੇ ਇਨਕਾਰ ਕਰ ਦਿੱਤਾ, ਉਨ੍ਹਾਂ ਨੂੰ ਸਿਰ ਵਿਚ ਗੋਲੀ ਲੱਗ ਕੇ, ਆਜ਼ਾਦ ਹਸਤੀ ਦੇ ਤੌਰ 'ਤੇ ਸ਼ਹੀਦ ਹੋਣਾ ਪ੍ਰਵਾਨ ਸੀ ਪਰ ਆਪਣੀ ਦਸਤਾਰ ਦੇ ਉੱਪਰ ਗ਼ੁਲਾਮੀ ਦਾ ਚਿੰਨ੍ਹ ਟੋਪੀ ਪਹਿਨ ਕੇ ਆਪਣੀ ਜਾਨ ਬਚਾ ਕੇ ਜੀਣਾ ਮਨਜ਼ੂਰ ਨਹੀਂ ਸੀ ਅਤੇ ਉਨ੍ਹਾਂ ਨੇ ਬਰਤਾਨੀਆਂ ਦੀ ਸਰਕਾਰ ਨੂੰ ਕਹਿ ਦਿੱਤਾ ਕਿ ਜੇਕਰ ਕੋਈ ਸਿੱਖ ਸਿਪਾਹੀ ਜੰਗ ਦੌਰਾਨ ਸਿਰ ਵਿਚ ਗੋਲੀ ਲੱਗਣ ਨਾਲ ਸ਼ਹੀਦ ਹੋ ਗਿਆ ਤਾਂ ਉਹ ਕੋਈ ਪੈਨਸ਼ਨ ਨਹੀਂ ਲੈਣਗੇ ਪਰ ਆਪਣੀ ਦਸਤਾਰ ਉੱਪਰ ਲੋਹ-ਟੋਪ ਨਹੀਂ ਪਹਿਨਣਗੇ।

ਸਿੱਖ ਅੱਜ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚ ਕੇ ਆਪਣੀ ਮਿਹਨਤ ਅਤੇ ਕਾਮਯਾਬੀ ਦੇ ਝੰਡੇ ਗੱਡ ਚੁੱਕੇ ਹਨ ਪਰ ਉਨ੍ਹਾਂ ਨੂੰ ਉਥੇ ਪਰਾਏ ਦੇਸ਼ਾਂ ਵਿਚ ਵੀ ਆਪਣੀ ਆਜ਼ਾਦੀ ਦੀ ਪ੍ਰਤੀਕ ਦਸਤਾਰ ਲਈ ਕੋਈ ਘੱਟ ਸੰਘਰਸ਼ ਨਹੀਂ ਕਰਨਾ ਪਿਆ। ਅਸਲ ਵਿਚ ੧੮੪੯ ਈ. ਵਿਚ ਜਦੋਂ ਅੰਗਰੇਜ਼ਾਂ ਨੇ ਪੰਜਾਬ ਉੱਪਰ ਕਬਜ਼ਾ ਕੀਤਾ ਤਾਂ ਸਿੱਖਾਂ ਦਾ ਸੰਪਰਕ ਅੰਗਰੇਜ਼ਾਂ ਨਾਲ ਫੌਜੀਆਂ ਦੇ ਰੂਪ ਵਿਚ ਹੋਣ ਲੱਗਾ ਅਤੇ ਬਹੁਤ ਸਾਰੇ ਸਿੱਖਾਂ ਨੂੰ ਭਾਰਤ ਤੋਂ ਬਾਹਰ ਵਿਦੇਸ਼ਾਂ ਵਿਚ ਜਾਣ ਦਾ ਮੌਕਾ ਮਿਲਿਆ ਅਤੇ ੧੯੦੦ ਈ. ਤਕ ਬਹੁਤ ਸਾਰੇ ਸਿੱਖ ਫੌਜੀ ਵਿਦੇਸ਼ਾਂ ਵਿਚ ਚਲੇ ਗਏ ਅਤੇ ਉਥੇ ਹੀ ਵੱਸ ਗਏ। ੧੯੫੦ ਈ. ਤਕ ਬਹੁਤ ਸਾਰੇ ਪ੍ਰਵਾਸੀ ਆਪਣੇ

ਪਰਵਾਰਾਂ ਨੂੰ ਵਿਦੇਸ਼ਾਂ ਵਿਚ ਲੈ ਗਏ ਅਤੇ ਉਥੇ ਪੱਕੇ ਤੌਰ 'ਤੇ ਵੱਸ ਗਏ। ਵਿਦੇਸ਼ਾਂ ਵਿਚ ਪੱਕੇ ਤੌਰ 'ਤੇ ਵੱਸਣ ਨਾਲ ਉਨ੍ਹਾਂ ਨੂੰ ਸਿੱਖ ਧਾਰਮਿਕ ਚਿੰਨ੍ਹਾਂ ਖ਼ਾਸ ਤੌਰ 'ਤੇ ਦਸਤਾਰ ਲਈ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਕਰਨਾ ਪੈ ਰਿਹਾ ਹੈ। ਇਕ ਵਾਰ ਅਮਰੀਕਾ ਵਿਚ 'ਪ੍ਰੀਤਲੜੀ' ਰਸਾਲੇ ਦੇ ਸੰਪਾਦਕ ਸ. ਗੁਰਮੁਖ ਸਿੰਘ ਨੂੰ ਸਿਨੇਮਾ ਹਾਲ ਵਿਚ ਦਾਖ਼ਲ ਹੋਣ ਸਮੇਂ ਪਗੜੀ ਉਤਾਰ ਦੇਣ ਲਈ ਮਜਬੂਰ ਕੀਤਾ ਗਿਆ ਜਿਸ ਕਾਰਨ ਉਨ੍ਹਾਂ ਨੂੰ ਸਿਨੇਮਾ ਹਾਲ ਵਿੱਚੋਂ ਬਾਹਰ ਆਉਣਾ ਪਿਆ। ਅੱਜ ਵੀ ਜਦੋਂ ਕੋਈ ਸਿੱਖ ਪੱਛਮੀ ਦੇਸ਼ਾਂ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਦੇ ਦਿਮਾਗ 'ਤੇ ਸਭ ਤੋਂ ਪਹਿਲਾਂ ਇਹੋ ਪ੍ਰਭਾਵ ਪਾਇਆ ਜਾਂਦਾ ਹੈ ਕਿ ਉਹ ਦਸਤਾਰ ਮੁਕਤ ਹੋ ਜਾਏ। ਇਸੇ ਤਰ੍ਹਾਂ ਜਦੋਂ ਸ. ਹਰਭਜਨ ਸਿੰਘ (ਯੋਗੀ) ਅਮਰੀਕਾ ਪਹੁੰਚੇ ਤਾਂ ਉਨ੍ਹਾਂ ਨੂੰ ਵੀ ਦਸਤਾਰ ਉਤਾਰ ਦੇਣ ਦੀ ਸਲਾਹ ਦਿੱਤੀ ਗਈ ਪਰ ਉਹ ਆਪਣੇ ਵਿਰਸੇ ਅਤੇ ਇਤਿਹਾਸ ਤੋਂ ਬਹੁਤ ਚੰਗੀ ਤਰ੍ਹਾਂ ਜਾਣੂ ਸਨ, ਜਿਸ ਦਾ ਉਨ੍ਹਾਂ ਨੇ ਅਮਰੀਕੀਆਂ ਨੂੰ ਸਮਝਾਉਣ ਲਈ ਉਨ੍ਹਾਂ ਦੀ ਭਾਸ਼ਾ ਵਿਚ ਪ੍ਰਚਾਰ ਕੀਤਾ। ਸਿੱਟੇ ਵਜੋਂ ਹਜ਼ਾਰਾਂ ਅਮਰੀਕੀ ਪੁਰਸ਼ ਅਤੇ ਇਸਤਰੀਆਂ ਦਸਤਾਰ ਦੀ ਮਹਾਨਤਾ ਨੂੰ ਸਮਝਦੇ ਹੋਏ ਦਸਤਾਰਧਾਰੀ ਬਣ ਗਏ।

ਇੰਗਲੈਂਡ ਵਿਚ ਹੀ ੧੯੭੨-੭੩ ਵਿਚ ਹਰ ਇਕ ਮੋਟਰ ਸਾਈਕਲ ਜਾਂ ਸਕੂਟਰ ਦੇ ਸਵਾਰ ਲਈ ਲੋਹ-ਟੋਪ ਪਹਿਨਣਾ ਜ਼ਰੂਰੀ ਕਰਾਰ ਦਿੱਤਾ ਗਿਆ, ਜੋ ਸਿੱਖ ਮੋਟਰ ਸਾਈਕਲ ਸਵਾਰਾਂ ਲਈ ਸਮੱਸਿਆ ਬਣ ਗਈ। ਸਿੱਖਾਂ ਨੇ ਦੋ ਪਹੀਆ ਸਵਾਰੀ ਦੀ ਵਰਤੋਂ ਬੰਦ ਕਰ ਦਿੱਤੀ ਪਰ ਦਸਤਾਰ ਦੀ ਥਾਂ ਲੋਹ-ਟੋਪ ਨਹੀਂ ਪਾਏ। ਆਖਰ ਲੰਬੀ ਕਾਨੂੰਨੀ ਲੜਾਈ ਬਾਅਦ ਸਿੱਖਾਂ ਨੇ ਦਸਤਾਰ ਦੀ ਧਾਰਮਿਕ ਮਹੱਤਤਾ ਦਰਸਾ ਕੇ ਜਿੱਤ ਪ੍ਰਾਪਤ ਕੀਤੀ ਅਤੇ ਇਮਾਰਤ ਉਸਾਰੀ ਵਾਲੀਆਂ ਥਾਵਾਂ 'ਤੇ ਵੀ ਸਿੱਖਾਂ ਨੂੰ ਰਵਾਇਤੀ ਪੱਗ ਬੰਨ੍ਹ ਕੇ ਕੰਮ ਕਰਨ ਦੀ ਆਗਿਆ ਮਿਲ ਗਈ।

ਸੰਨ ੧੯੭੭-੭੮ ਵਿਚ ਇੰਗਲੈਂਡ ਦੇ ਵੂਲਵਰਹੈਂਪਟਨ ਸ਼ਹਿਰ ਵਿਚ ਸਕੂਲ 'ਚ ਛੇਵੀਂ ਜਮਾਤ ਵਿਚ ਪੜ੍ਹਦੇ ਕੁਲਵਿੰਦਰ ਸਿੰਘ ਨੂੰ ਦਸਤਾਰ ਸਜਾਈ ਹੋਣ ਕਾਰਨ ਸਕੂਲ ਵਿਚੋਂ ਕੱਢ ਦਿੱਤਾ ਗਿਆ। ਬੱਚਾ ਚੁੱਪ-ਚਾਪ ਸਕੂਲ ਵਿੱਚੋਂ ਬਾਹਰ ਆਇਆ ਅਤੇ ਇਕ ਗੱਤੇ 'ਤੇ ਸਕੂਲੋਂ ਕੱਢੇ ਜਾਣ ਬਾਰੇ ਸੰਖੇਪ ਵਰਣਨ ਲਿਖ ਕੇ ਛਾਤੀ ਨਾਲ ਲਾ ਕੇ ਅਤੇ ਬਸਤਾ ਗਲ ਵਿਚ ਪਾ ਕੇ ਸਕੂਲ ਦੇ ਬਾਹਰ ਸੜਕ ਦੇ ਕੰਢੇ 'ਤੇ ਖੜ੍ਹਾ ਹੋ ਗਿਆ। ਸਕੂਲੋਂ ਛੁੱਟੀ ਹੋ ਜਾਣ ਤੋਂ ਬਾਅਦ ਵੀ ਬੱਚਾ ਉਥੇ ਹੀ ਖੜ੍ਹਾ ਰਿਹਾ। ਲੰਘਦੇ ਲੋਕੀਂ ਉਸ ਵੱਲ ਦੇਖਦੇ ਅਤੇ ਹੈੱਡਮਾਸਟਰ ਨੂੰ ਬੁਰਾ-ਭਲਾ ਕਹਿਣ ਲੱਗ ਜਾਂਦੇ। ਅਗਲੇ ਦਿਨ ਸਿੱਖਿਆ ਵਿਭਾਗ ਦੇ ਵੱਡੇ ਅਫ਼ਸਰ ਨੇ ਸਾਰੀ ਰਾਤ ਠੰਢ ਵਿਚ ਠਠੰਬਰਦੇ ਕੁਲਵਿੰਦਰ ਸਿੰਘ ਨੂੰ ਉਥੋਂ ਹਟਾਇਆ ਅਤੇ ਉਸ ਨੂੰ ਦਸਤਾਰ ਸਜਾ ਕੇ ਸਕੂਲ ਆਉਣ ਦੀ ਆਗਿਆ ਦਿੱਤੀ। ਇਸ ਘਟਨਾ ਨੇ ਸਾਰੇ ਇੰਗਲੈਂਡ ਵਿਚ ਦਰਸਾ ਦਿੱਤਾ ਕਿ ਸਿੱਖਾਂ ਲਈ ਦਸਤਾਰ ਦੀ ਕੀ ਮਹਾਨਤਾ ਹੈ।

ਕੈਨੇਡਾ ਵਿਚ ਇਕ ਸਿੱਖ ਨੇ ਪੁਲਿਸ ਵਿਚ ਭਰਤੀ ਹੋਣ ਦਾ ਇਮਤਿਹਾਨ ਪਾਸ ਕਰਨ ਪਿੱਛੋਂ ਜਦੋਂ ਉਸ ਨੂੰ ਵਰਦੀ ਪਾਉਣ ਲਈ ਦਿੱਤੀ ਗਈ ਤਾਂ ਉਸ ਨੇ ਟੋਪੀ ਦੀ ਥਾਂ ਦਸਤਾਰ ਦੀ ਮੰਗ ਕੀਤੀ। ਕੇਸ ਪ੍ਰਧਾਨ ਮੰਤਰੀ ਤਕ ਚਲਾ ਗਿਆ ਜਿਸ ਨੇ ਕਾਨੂੰਨ ਦੇ ਮਾਹਿਰਾਂ ਨਾਲ ਸਲਾਹ ਕਰਕੇ ਦਸਤਾਰ ਦੇਣ ਦੇ ਹੁਕਮ ਕਰ ਦਿੱਤੇ ਤੇ ਸਿੱਖ ਪੁਲਿਸ ਅਫ਼ਸਰ ਨੂੰ ਟੋਪੀ ਦੀ ਥਾਂ

ਦਸਤਾਰ ਦੇਣੀ ਮਨਜ਼ੂਰ ਕਰ ਲਈ।

ਹੁਣ ਮਾਰਚ ੨੦੦੪ ਤੋਂ ਫਰਾਂਸ ਵਿਚ ਰਹਿੰਦੇ ਸਿੱਖ ਆਪਣੀ ਆਜ਼ਾਦੀ ਦੀ ਨਿਸ਼ਾਨੀ ਦਸਤਾਰ ਲਈ ਸੰਘਰਸ਼ ਕਰ ਰਹੇ ਹਨ ਕਿਉਂਕਿ ਫਰਾਂਸ ਸਰਕਾਰ ਨੇ ਜ਼ਾਹਰਾ ਦਿੱਸਦੇ ਧਾਰਮਿਕ ਚਿੰਨ੍ਹ ਪਹਿਨ ਕੇ ਜਨਤਕ ਥਾਵਾਂ 'ਤੇ ਜਾਣ ਦੀ ਪਾਬੰਦੀ ਲਗਾ ਦਿੱਤੀ ਹੈ। ਜਿਸ ਕਾਰਨ ਸਕੂਲਾਂ ਵਿਚ ਪੜ੍ਹਦੇ ਸਿੱਖ ਵਿਦਿਆਰਥੀਆਂ ਲਈ ਦਸਤਾਰ ਪਹਿਨ ਕੇ ਸਕੂਲਾਂ ਵਿਚ ਜਾਣ ਦੀ ਮਨਾਹੀ ਕਰ ਦਿੱਤੀ। ਫਰਾਂਸ ਵਿਚ ੨੦੦ ਦੇ ਕਰੀਬ ਸਿੱਖ ਵਿਦਿਆਰਥੀ ਸਕੂਲਾਂ ਵਿਚ ਪੜ੍ਹਦੇ ਹਨ। ਇਸ ਬੰਦਿਸ਼ ਵਾਲੇ ਕਾਨੂੰਨਾਂ ਦਾ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਵਿਦੇਸ਼ਾਂ ਦੇ ਸਿੱਖਾਂ ਵੱਲੋਂ ਅਤੇ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਭਾਰੀ ਰੋਸ ਪ੍ਰਗਟ ਕੀਤਾ ਜਾ ਰਿਹਾ ਹੈ ਜਿਸ ਦਾ ਫਰਾਂਸ ਸਰਕਾਰ ਵੱਲੋਂ ਮਸਲਾ ਹੱਲ ਕਰਨ ਦਾ ਭਰੋਸਾ ਵੀ ਦਿਵਾਇਆ ਜਾ ਰਿਹਾ ਹੈ। ਸਿੱਖਾਂ ਨੇ ਆਪਣੀ ਆਨ-ਸ਼ਾਨ ਦੀ ਪ੍ਰਤੀਕ ਦਸਤਾਰ ਨੂੰ ਬਹਾਲ ਰੱਖਣ ਲਈ ਫਰਾਂਸ ਵਿਚ ਆਪਣੇ ਬੱਚਿਆਂ ਲਈ ਅਲੱਗ ਸਕੂਲ ਖੋਲ੍ਹਣ ਦਾ ਫੈਸਲਾ ਕਰ ਲਿਆ ਹੈ।

ਅੱਜ ਸਾਨੂੰ ਆਪਣੇ ਦੇਸ਼ ਵਿਚ ਵੀ ਦਸਤਾਰ ਲਈ ਕੋਈ ਘੱਟ ਜੱਦੋ-ਜਹਿਦ ਨਹੀਂ ਕਰਨੀ ਪੈ ਰਹੀ। ਕਈ ਜਥੇਬੰਦੀਆਂ ਜੋ ਸਿੱਖਾਂ ਦੇ ਇਸ ਆਜ਼ਾਦੀ ਦੇ ਚਿੰਨ੍ਹ ਦਸਤਾਰ ਤੋਂ ਖਾਰ ਖਾਂਦੀਆਂ ਹਨ ਅਤੇ ਸਿੱਖਾਂ ਦੀ ਆਜ਼ਾਦ ਹਸਤੀ ਨੂੰ ਖ਼ਤਮ ਕਰਨਾ ਚਾਹੁੰਦੀਆਂ ਹਨ; ਆਪਣੀਆਂ ਕੋਝੀਆਂ ਚਾਲਾਂ ਚੱਲ ਕੇ ਸਿੱਖਾਂ ਨੂੰ ਉਨ੍ਹਾਂ ਦੇ ਅਮੀਰ ਵਿਰਸੇ ਤੋਂ ਦੂਰ ਕਰਨ ਲਈ ਯਤਨਸ਼ੀਲ ਰਹਿੰਦੀਆਂ ਹਨ। ਕਦੇ ਰਾਹ ਜਾਂਦੇ ਸਿੱਖ ਨੌਜਵਾਨਾਂ ਨੂੰ ਅੱਤਵਾਦੀ ਗਰਦਾਨ ਕੇ ਪੁਲਿਸ ਦੀ ਮਦਦ ਨਾਲ ਜਲੀਲ ਕਰਕੇ ਉਨ੍ਹਾਂ ਦੀ ਦਸਤਾਰ 'ਤੇ ਤਾਨ੍ਹੇ ਕੱਸੇ ਜਾਂਦੇ ਰਹੇ। ਕਦੀ ਪਗੜੀਧਾਰੀਆਂ ਦਾ ਸ਼ਰ੍ਹੇਆਮ ਕਤਲੇਆਮ ਕੀਤਾ ਗਿਆ; ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ। ਇਕ ਪਾਸੇ ਤਾਂ ਸਿੱਖਾਂ ਨੇ ਅਨੇਕਾਂ ਕੁਰਬਾਨੀਆਂ ਕਰਕੇ ਦਸਤਾਰ ਦੀ ਆਨ-ਸ਼ਾਨ ਬਹਾਲ ਰੱਖੀ ਪਰ ਦੂਜੇ ਪਾਸੇ ਕੋਝੀਆਂ ਸਾਜ਼ਿਸ਼ਾਂ ਅਧੀਨ ਸਿੱਖ ਬੱਚਿਆਂ ਨੂੰ ਉਨ੍ਹਾਂ ਦੇ ਇਤਿਹਾਸ ਤੋਂ ਦੂਰ ਰੱਖ ਕੇ, ਭਵਿੱਖ ਦੇ ਸੁਨਹਿਰੀ ਸੁਪਨੇ ਦਿਖਾ ਕੇ, ਫ਼ਿਲਮਾਂ ਵਿਚ ਪਗੜੀਧਾਰੀਆਂ ਨੂੰ ਘਟੀਆ ਕਿਰਦਾਰ ਵਿਚ ਦਿਖਾ ਕੇ, ਮੀਡੀਏ ਰਾਹੀਂ ਪ੍ਰਚਾਰ ਕੇ, ਫੈਸ਼ਨ ਸ਼ੋਆਂ ਵਿਚ ਵਰਗਲਾ ਕੇ ਪਗੜੀ-ਮੁਕਤ ਹੋਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਅੱਜ ਸਾਨੂੰ ਲੋੜ ਹੈ ਆਪਣੀ ਆਜ਼ਾਦ-ਹਸਤੀ ਅਤੇ ਆਜ਼ਾਦ ਪਹਿਚਾਣ ਕਾਇਮ ਰੱਖਣ ਦੀ। ਸਾਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ ਕਿ ਅਸੀਂ ਆਪਣੀ ਆਜ਼ਾਦੀ ਦੀ ਪ੍ਰਤੀਕ ਦਸਤਾਰ ਦੀ ਆਨ-ਸ਼ਾਨ ਅਤੇ ਸਨਮਾਨ-ਬਹਾਲੀ ਲਈ ਪੁਰਜ਼ੋਰ ਕੋਸ਼ਿਸ਼ ਕਰੀਏ। ਜੋ ਵੀਰ ਅਨਜਾਣਪੁਣੇ ਵਿਚ ਭੁੱਲ ਕਰਕੇ ਦਸਤਾਰ ਨੂੰ ਬੇਦਾਵਾ ਦੇ ਚੁੱਕੇ ਹਨ, ਉਨ੍ਹਾਂ ਨੂੰ ਇਸ ਦਾ ਇਤਿਹਾਸ ਦੱਸ ਕੇ ਉਨ੍ਹਾਂ ਦੀ ਟੁੱਟੀ ਗੰਢੀਏ ਅਤੇ ਹਮੇਸ਼ਾਂ ਆਜ਼ਾਦੀ ਅਤੇ ਸਵੈਮਾਣ ਨਾਲ ਜਿਊਣ ਦੀ ਪ੍ਰੇਰਨਾ ਕਰੀਏ:

"ਆਓ! ਪੱਗ ਨਾਲ ਜੀਵੀਏ! ਪੱਗ ਸਹਿਤ ਕੰਮ ਕਰੀਏ,
ਤੇ ਪੱਗ ਨਾਲ ਲੈ ਕੇ ਹੀ ਮਰੀਏ!" ■

# ਗੌਰਵ ਭਰਪੂਰ ਹੈ ਦਾਸਤਾਨ-ਏ-ਦਸਤਾਰ

*-ਪ੍ਰੋ. ਆਸਾ ਸਿੰਘ (ਕਪੂਰਥਲਾ)*

ਦਸਤਾਰ ਦੀ ਦਾਸਤਾਨ ਬਹੁਤ ਪੁਰਾਣੀ, ਪੇਚੀਦਾ ਵੀ ਹੈ ਅਤੇ ਗੌਰਵਮਈ ਵੀ। ਇਹ ਭੇਦ-ਭਰੀ ਵੀ ਹੈ ਤੇ ਨਿਵੇਕਲੀ ਵੀ। ਮਨੁੱਖੀ ਲਿਬਾਸ ਦਾ ਸ਼ਾਇਦ ਹੀ ਕੋਈ ਹੋਰ ਬਸਤਰ ਏਨੀ ਧਾਰਮਿਕ, ਇਤਿਹਾਸਕ, ਸਮਾਜਿਕ, ਮਨੋਵਿਗਿਆਨਕ ਮਹੱਤਤਾ ਰੱਖਦਾ ਹੋਵੇ। ਸ਼ਾਇਦ ਹੀ ਕਿਸੇ ਹੋਰ ਲਿਬਾਸ ਦੇ ਏਨੇ ਨਾਂ ਹੋਣ, ਏਨੇ ਪਹਿਨਣ ਦੇ ਢੰਗ ਹੋਣ, ਏਨੇ ਸੰਕੇਤਕ ਅਰਥ ਹੋਣ ਜਾਂ ਕਿਸੇ ਲਿਬਾਸ ਨੂੰ ਜ਼ਿੰਦਾ ਰਹਿਣ ਲਈ ਏਨਾ ਸੰਘਰਸ਼ ਕਰਨਾ ਪਿਆ ਹੋਵੇ।

ਦਸਤਾਰ ਜਿਸ ਨੂੰ ਅੰਗਰੇਜ਼ੀ ਜਾਂ ਜਰਮਨ ਵਿਚ ਟਰਬਨ, ਫਰੈਂਚ ਵਿਚ ਟਲਬੈਂਡ, ਇਤਾਲਵੀ, ਸਪੇਨੀ ਤੇ ਪੁਰਤਗਾਲੀ ਵਿਚ ਟਰਬੈਂਟੇ, ਡੈਚ ਵਿਚ ਟਲਬਨਜ਼, ਰੋਮਾਨੀ ਵਿਚ ਟੁਲੀਪਨ, ਲਾਤੀਨੀ ਵਿਚ ਮਾਈਟਰ ਅਤੇ ਤੁਰਕੀ ਵਿਚ ਸਾਰੀਕ ਕਿਹਾ ਜਾਂਦਾ ਹੈ। ਕਿਸੇ ਨਾ ਕਿਸੇ ਨਾਮ, ਰੂਪ ਅਤੇ ਕਾਲ ਵਿਚ ਈਸਾਈਆਂ, ਯਹੂਦੀਆਂ, ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਦੇ ਸਿਰਾਂ ਦਾ ਸ਼ਿੰਗਾਰ ਰਹੀ ਹੈ ਅਤੇ ਅੱਜ ਵੀ ਹੈ। ਭਾਵੇਂ ਕਿ ਨਿਸ਼ਚਿਤ ਤੌਰ 'ਤੇ ਇਹ ਕਹਿ ਸਕਣਾ ਤਾਂ ਔਖਾ ਹੈ ਕਿ ਪੱਗ ਦੀ ਸ਼ੁਰੂਆਤ ਕਦੋਂ ਅਤੇ ਕਿਵੇਂ ਹੋਈ ਪਰੰਤੂ ਪ੍ਰਾਪਤ ਖੋਜ-ਸਾਧਨਾਂ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪਗੜੀ ਕਿਸੇ ਨਾ ਕਿਸੇ ਰੂਪ ਵਿਚ ਈਸਾ ਮਸੀਹ ਤੋਂ ਹਜ਼ਾਰਾਂ ਸਾਲ ਪਹਿਲਾਂ ਬੱਝਣੀ ਸ਼ੁਰੂ ਹੋ ਚੁੱਕੀ ਸੀ। ਡਾ. ਗੌਤਮ ਚੈਟਰਜੀ ਦੀ ਖੋਜ ਅਨੁਸਾਰ– ਪਗੜੀ ਦੁਨੀਆਂ ਨੂੰ ਭਾਰਤ ਦੀ ਦੇਣ ਹੈ ਤੇ ਇਸ ਦੇ ਸਭ ਤੋਂ ਪੁਰਾਣੇ ਪ੍ਰਮਾਣ ਭਰਹੂਤ, ਭਜਾ, ਬੋਧ-ਗਯਾ, ਸਾਂਚੀ, ਮਥੁਰਾ ਅਤੇ ਮਹਾਬਲੀਪੁਰਮ ਸਥਾਨਾਂ ਦੇ ਪੱਥਰ ਚਿੱਤਰਾਂ ਅਤੇ ਮੂਰਤੀਆਂ ਤੋਂ ਪੁਰਾਤਤਵ ਵਿਭਾਗ ਨੇ ਖੋਜੇ ਹਨ। ਰਿਗਵੇਦ ਦੇ ਜ਼ਮਾਨੇ ਵਿਚ ਵੀ ਯੱਗ-ਪੂਜਾ ਸਮੇਂ ਵੱਖ-ਵੱਖ ਰੰਗਾਂ ਦੇ ਸਿਰ-ਪਹਿਰਾਵੇ ਦਾ ਜ਼ਿਕਰ ਮਿਲਦਾ ਹੈ, ਜਿਸ ਨੂੰ ਸੰਸਕ੍ਰਿਤ ਭਾਸ਼ਾ ਵਿਚ ਸ਼ਿਰੋਸਤਾਰਾ (ਭਾਵ ਸਿਰ ਦੀ ਸੁਰੱਖਿਆ) ਕਹਿੰਦੇ ਹਨ। ਬਸਤਰ-ਇਤਿਹਾਸ ਦੇ ਮਹਾਨ ਖੋਜੀ ਡਾ. ਜੀ.ਐੱਸ.ਗੁਰੀਆ ਅਨੁਸਾਰ ਹਿੰਦੁਸਤਾਨੀ ਇਸਤਰੀਆਂ ਵੀ ਮਰਦਾਂ ਵਾਂਗ ਸਿਰ 'ਤੇ ਪਗੜੀ ਬੰਨ੍ਹਦੀਆਂ ਸਨ ਭਾਵੇਂ ਕਿ ਉਨ੍ਹਾਂ ਦਾ ਪਗੜੀ ਸਟਾਈਲ ਵੱਖਰਾ ਹੁੰਦਾ ਸੀ। ਬਾਨਭੱਟ ਦੀ ਕ੍ਰਿਤ 'ਕਦੰਬਰੀ' ਵਿਚ ਵੀ ਪਗੜੀ ਦਾ ਉਲੇਖ ਹੈ।

ਪ੍ਰੋ. ਹਰਬੰਸ ਸਿੰਘ ਸੰਪਾਦਤ 'ਇਨਸਾਈਕਲੋਪੀਡੀਆ ਆਫ ਸਿੱਖਇਜ਼ਮ' ਅਨੁਸਾਰ ਅਜੰਤਾ ਦੀਆਂ ਗੁਫਾਵਾਂ (੨੦੦ ਬੀ.ਸੀ.) ਅਤੇ ਸਾਂਚੀ ਗੇਟ (੧੫੦ ਬੀ.ਸੀ.) ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਭਾਰਤ ਵਿਚ ਪਗੜੀ ਦਾ ਇਤਿਹਾਸ ਬਹੁਤ ਪੁਰਾਤਨ ਹੈ। ਵਿਦਵਾਨਾਂ ਵਿਚ ਇਸ ਗੱਲ 'ਤੇ ਆਮ ਸਹਿਮਤੀ ਪਾਈ ਜਾਂਦੀ ਹੈ ਕਿ ਪਗੜੀ ਦਾ ਮੁੱਢ ਸੈਮਟਿਕ ਹੈ ਭਾਵ ਇਸ ਦਾ ਮੁੱਢ ਯਹੂਦੀਆਂ ਅਤੇ ਅਰਬੀਆਂ ਤੋਂ ਹੈ। ਅੰਗਰੇਜ਼ੀ ਦਾ ਸ਼ਬਦ 'ਟਰਬਨ' ਵੀ ਫ਼ਾਰਸੀ ਸ਼ਬਦ 'ਦੁਲਬੰਦ' ਤੋਂ ਨਿਕਲਿਆ ਪ੍ਰਤੀਤ ਹੁੰਦਾ ਹੈ ਜਦੋਂ ਕਿ ਦੁਲਬੰਦ

ਅੱਗੋਂ ਤੁਰਕੀ ਸ਼ਬਦ 'ਟਰਬਸ਼' ਤੋਂ ਨਿਕਲਿਆ ਹੋ ਸਕਦਾ ਹੈ। ਟਰਬਸ਼ ਇਕ ਲੰਬਾ ਸਕਾਰਫ ਹੁੰਦਾ ਹੈ ਜੋ ਕਿ ਸਿਰ ਦੁਆਲੇ ਬੰਨ੍ਹਿਆ ਜਾਂਦਾ ਹੈ। ਪਗੜੀ ਲਈ ਫ਼ਾਰਸੀ ਸ਼ਬਦ 'ਸਰਬੰਦ' ਵੀ ਵਰਤਿਆ ਜਾਂਦਾ ਹੈ। ਪੁਰਾਤਨ ਮਿਸਰ ਦੀ ਸੱਭਿਅਤਾ ਵਿਚ ਪਗੜੀ ਸਿਰ ਦੇ ਸਜਾਵਟੀ ਲਿਬਾਸ ਲਈ ਅਤਿਅੰਤ ਲਾਜ਼ਮੀ ਗਿਣੀ ਜਾਂਦੀ ਸੀ ਅਤੇ ਇਸ ਲਈ ਸ਼ਬਦ 'ਪਜਰ' ਵਰਤਿਆ ਜਾਂਦਾ ਸੀ। ਹੋ ਸਕਦਾ ਹੈ ਕਿ ਹਿੰਦੀ-ਪੰਜਾਬੀ ਦਾ ਸ਼ਬਦ ਪਗੜੀ, ਪਜਰ ਤੋਂ ਹੀ ਬਣਿਆ ਹੋਵੇ। ਮਿਸਰ ਵਿਚ ਇਹ ਰਿਵਾਜ ਆਮ ਪ੍ਰਚੱਲਤ ਸੀ ਕਿ ਕਿਸੇ ਨਜ਼ਦੀਕੀ ਦੇ ਮਰਨ 'ਤੇ ਸੋਗ ਵਿਚ ਪੱਗ ਸਿਰੋਂ ਲਾਹ ਦਿੱਤੀ ਜਾਂਦੀ ਸੀ। ਪੰਜਾਬ ਵਿਚ ਵੀ ਇਹ ਰਵਾਇਤ ਮੁੱਦਤਾਂ ਤੋਂ ਪ੍ਰਚੱਲਤ ਹੈ। ਇਸ ਦਾ ਜ਼ਿਕਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਆਉਂਦਾ ਹੈ:-

*ਠੰਡੇ ਖੂਹਹੁ ਨਾਇਕੈ ਪਗ ਵਿਸਾਰਿ ਆਇਆ ਸਿਰਿ ਨੰਗੈ।*
*ਘਰ ਵਿਚਿ ਰੰਨਾਂ ਕਮਲੀਆਂ ਧੁਸੀ ਲੀਤੀ ਦੇਖਿ ਕੁਢੰਗੈ।* *(ਵਾਰ ੩੨: ੧੯)*

ਕੁਝ ਲੋਕਾਂ ਦਾ ਇਹ ਮਤ ਵੀ ਠੀਕ ਲੱਗਦਾ ਹੈ ਕਿ 'ਪੱਗ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਪਕ' ਤੋਂ ਨਿਕਲਿਆ ਲੱਗਦਾ ਹੈ। 'ਪਕ' ਸ਼ਬਦ ਵਾਲਾਂ ਦੇ ਚਿੱਟੇ ਹੋਣ ਅਤੇ ਸਿਆਣੀ ਉਮਰ ਲਈ ਵਰਤਿਆ ਜਾਂਦਾ ਹੈ।

ਈਸਾਈ ਧਰਮ ਦੀ ਧਾਰਮਿਕ ਪੁਸਤਕ 'ਬਾਈਬਲ' ਵਿਚ ਪੱਗ ਬੰਨ੍ਹਣ ਦਾ ਜ਼ਿਕਰ ਅਨੇਕਾਂ ਵਾਰ ਆਉਂਦਾ ਹੈ ਜਿਸ ਤੋਂ ਜ਼ਾਹਰ ਹੈ ਕਿ ਈਸਾ ਮਸੀਹ ਤੋਂ ੧੩੦੦ ਸਾਲ ਪਹਿਲਾਂ ਤੋਂ ਯਹੂਦੀ ਤੇ ਇਸਰਾਈਲੀ ਲੋਕ ਪੱਗਾਂ ਸਜਾਉਂਦੇ ਸਨ ਅਤੇ ਅਜਿਹਾ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਸੀ। ਪੱਗ ਬਾਈਬਲ ਅਨੁਸਾਰ ਯਹੂਦੀ ਪਾਦਰੀਆਂ ਦੀ ਯੂਨੀਫਾਰਮ ਦਾ ਇਕ ਅਹਿਮ ਹਿੱਸਾ ਸੀ। ਬਾਈਬਲ ਦੇ ਚੈਪਟਰ 'ਕੂਚ' ਦੇ ੨੮ ਨੰਬਰ ਪੰਨੇ 'ਤੇ ਅੰਕਿਤ ਹੈ- "ਤੂੰ ਆਪਣੇ ਭਰਾ ਲਈ ਪੁਰੋਹਿਤਾਈ ਦੇ ਕੱਪੜੇ ਬਣਾ ਜੋ ਵੇਖਣ ਵਿਚ ਗੌਰਵਸ਼ਾਲੀ ਅਤੇ ਸੁੰਦਰ ਹੋਣ... ਉਹ ਕੱਪੜੇ ਇਹ ਹਨ; ਛਾਤੀ 'ਤੇ ਬੰਨ੍ਹਣ ਵਾਲਾ ਪਟਕਾ, ਇਕ ਟਿਊਨਿਕ, ਇਕ ਕੱਢਿਆ ਹੋਇਆ ਕੁੜਤਾ, ਇਕ ਪਗੜੀ ਅਤੇ ਇਕ ਲੱਕ ਦੁਆਲੇ ਬੰਨ੍ਹਣ ਲਈ ਪੇਟੀ...।"

ਬਪਤਿਸਮੇ ਸਮੇਂ, ਰਾਜ-ਗੱਦੀ ਸਮੇਂ ਅਤੇ ਹੋਰ ਅਜਿਹੀਆਂ ਰਸਮਾਂ ਸਮੇਂ ਪੱਗ ਬੰਨ੍ਹਣੀ ਲਾਜ਼ਮੀ ਸੀ। ਪੱਗ ਬਾਈਬਲ ਦੇ ਜ਼ਮਾਨੇ ਵਿਚ ਵੀ ਤਾਕਤ, ਜਵਾਨੀ, ਸ਼ੌਕੀਨੀ ਅਤੇ ਸੁੰਦਰਤਾ ਦੀ ਪ੍ਰਤੀਕ ਸੀ। 'ਬਾਈਬਲ' ਵਿਚ ਜ਼ਿਕਰ ਹੈ ਕਿ ਬੱਬੀ ਲੋਨੀਆਂ ਦੇ ਜੁਆਨਾਂ ਦੀਆਂ ਦਾੜ੍ਹੀਆਂ ਅਤੇ ਪੱਗਾਂ ਨਾਲ ਸਜੀਆਂ ਸ਼ਖ਼ਸੀਅਤਾਂ ਦੇ ਕੰਧ-ਚਿਤਰ ਜਦ ਦੂਰ ਬੈਠੀਆਂ ਇਸਤਰੀਆਂ ਨੇ ਦੇਖੇ ਤਾਂ ਉਹ ਮੰਤਰ-ਮੁਗਧ ਹੋ ਗਈਆਂ। (ਇਜ਼ਰਾਈਲ, ੨੩, ੧੪-੧੫)

ਇਸਲਾਮ ਧਰਮ ਵਿਚ ਪੱਗ ਨੂੰ ਹੋਰ ਵੀ ਉਚੇਰਾ ਤੇ ਮਹੱਤਵਪੂਰਨ ਮੁਕਾਮ ਹਾਸਲ ਹੈ। ਪੈਗ਼ੰਬਰ ਮੁਹੰਮਦ ਦੇ ਆਪ ਪੱਗ ਬੰਨ੍ਹਣ ਬਾਰੇ ਕਈ ਹਦੀਸਾਂ ਵਿਚ ਜ਼ਿਕਰ ਹੈ। ਡਾ. ਤਰਲੋਚਨ ਸਿੰਘ ਅਨੁਸਾਰ ਤੁਰਕੀ ਦੇ ਪੱਗਾਂ ਬਣਾਉਣ ਵਾਲੇ ਪੈਗ਼ੰਬਰ ਮੁਹੰਮਦ ਨੂੰ ਆਪਣਾ ਸਰਪ੍ਰਸਤ ਸੰਤ ਮੰਨਦੇ ਹਨ ਕਿਉਂਕਿ ਪੈਗ਼ੰਬਰ ਮੁਹੰਮਦ ਖੁਦ ਸੀਰੀਆ ਵਿਚ ਪੱਗਾਂ ਦਾ ਵਿਉਪਾਰ ਕਰਦੇ ਸਨ। ਇਕ ਹਦੀਸ ਵਿਚ ਤਾਂ ਇਥੋਂ ਤਕ ਕਿਹਾ ਗਿਆ ਹੈ ਕਿ ਜਦੋਂ ਸਵਰਗਾਂ ਵਿੱਚੋਂ ਬਾਬਾ

ਆਦਮ ਨੂੰ ਕੱਢਿਆ ਗਿਆ ਤੇ ਇਸ ਨੂੰ ਧਰਤੀ 'ਤੇ ਭੇਜਿਆ ਗਿਆ ਤਾਂ ਉਸ ਸਮੇਂ ਉਸ ਨੇ ਪੱਗ ਬੰਨ੍ਹੀ ਹੋਈ ਸੀ ਜੋ ਕਿ ਜ਼ਬਰਾਇਲ ਨੇ ਉਸ ਦੇ ਸਿਰ 'ਤੇ ਸਜਾਈ ਸੀ। ਕਈ ਹਦੀਸਾਂ ਅਨੁਸਾਰ ਪੈਗੰਬਰ ਮੁਹੰਮਦ ਨੇ ਖ਼ੁਦ ਇਹ ਫ਼ੁਰਮਾਨ ਕੀਤਾ ਕਿ ਮੁਸਲਮਾਨ ਪੱਗ ਬੰਨ੍ਹਣ। ਉਨ੍ਹਾਂ ਕਿਹਾ ਕਿ ਫਰਿਸ਼ਤੇ ਵੀ ਪੱਗ ਬੰਨ੍ਹਦੇ ਹਨ। ਪੱਗ ਸਿਰ ਦਾ ਬਚਾਅ ਕਰਦੀ ਹੈ ਤੇ ਚਿਹਰੇ ਨੂੰ ਸੁੰਦਰਤਾ ਬਖਸ਼ਦੀ ਹੈ।

*"ਪੱਗ ਬੰਨ੍ਹਣ ਦੀ ਆਦਤ ਬਣਾਓ ਕਿਉਂਕਿ ਇਹ ਫਰਿਸ਼ਤਿਆਂ ਦੀ ਨਿਸ਼ਾਨੀ ਹੈ...।"*

ਮੁਸਲਿਮ ਧਰਮ ਜਿੱਥੇ-ਜਿੱਥੇ ਵੀ ਫੈਲਿਆ ਪੱਗ ਕਿਸੇ ਨਾ ਕਿਸੇ ਰੂਪ ਵਿਚ ਲਿਬਾਸ ਦਾ ਹਿੱਸਾ ਬਣਦੀ ਰਹੀ। ਪੱਗ ਬਾਦਸ਼ਾਹੀਅਤ, ਧਾਰਮਿਕਤਾ, ਉੱਚਤਾ,ਸੁੱਚਤਾ ਅਤੇ ਵਡੱਪਣਤਾ ਦਾ ਪ੍ਰਤੀਕ ਬਣਦੀ ਗਈ। ਵਿਸ਼ਵ ਬੁੱਕ "ਇਨਸਾਈਕਲੋਪੀਡੀਆ" ਭਾਗ ੧੪ ਦੇ ਅਨੁਸਾਰ:- "ਇਕ ਮੌਕੇ ਤੁਰਕੀ ਦਾ ਸੁਲਤਾਨ ਪੱਗ ਉੱਪਰ ਸਾਰਸ ਦੇ ਤਿੰਨ ਖੰਭ ਲਾਉਂਦਾ ਸੀ ਅਤੇ ਕੀਮਤੀ ਹੀਰੇ ਸਜਾਉਂਦਾ ਸੀ। ਉਸ ਦੇ ਸ਼ਾਹੀ ਵਜ਼ੀਰ ਦੋ ਖੰਭ ਜਦਕਿ ਸਾਧਾਰਨ ਸਰਕਾਰੀ ਅਫ਼ਸਰ ਸਿਰਫ਼ ਇਕ ਖੰਭ ਲਗਾਉਂਦੇ ਸਨ।"

ਇਸ ਤਰ੍ਹਾਂ ਪੱਗ ਸੱਤਾ ਤੇ ਇੱਜ਼ਤ ਦੀ ਪ੍ਰਤੀਕ ਬਣ ਗਈ ਸੀ। ਪੱਗ ਦੇ ਰੰਗਾਂ ਨੇ ਵੀ ਉਚ-ਨੀਚ, ਵੱਖ-ਵਖਰੇਵੇਂ, ਪੱਖ-ਪਾਤ ਕਰਨ ਵਿਚ ਵਿਸ਼ੇਸ਼ ਸੰਕੇਤਕ ਰੋਲ ਅਦਾ ਕਰਨੇ ਸ਼ੁਰੂ ਕਰ ਦਿੱਤੇ ਸਨ। ਹੌਲੀ-ਹੌਲੀ ਪੱਗ ਮੌਲਵੀਆਂ, ਸ਼ਰੀਫਾਂ, ਉਲਮਾਵਾਂ, ਸ਼ਾਸਕਾਂ, ਪ੍ਰਮੁੱਖਾਂ ਆਦਿ ਨੂੰ ਉਪਾਧੀ ਪ੍ਰਦਾਨ ਕਰਨ ਲਈ ਵਰਤੀ ਜਾਣ ਲੱਗੀ ਸੀ।

'ਇਨਸਾਈਕਲੋਪੀਡੀਆ ਆਫ਼ ਇਸਲਾਮ' ਸਫ਼ਾ ੯੪ ਅਨੁਸਾਰ ਤੁਰਕੀ, ਸੀਰੀਆ, ਮਿਸਰ ਆਦਿ ਦੇਸ਼ਾਂ ਵਿਚ ਪੱਗ ਦਾ ਬਹੁਤ ਸਤਿਕਾਰ ਸੀ। ਅਮੀਰ ਘਰਾਣਿਆਂ ਵਿਚ ਪੱਗ ਰਾਤ ਨੂੰ ਕੁਰਸੀ ਉੱਪਰ ਰੱਖੀ ਜਾਂਦੀ ਸੀ ਅਤੇ ਧੀ-ਭੈਣ ਦੀ ਸ਼ਾਦੀ 'ਤੇ ਇਸ ਨੂੰ ਹੋਰ ਫਰਨੀਚਰ ਦੇ ਨਾਲ ਸੁਗਾਤ ਵਜੋਂ ਭੇਟ ਕੀਤਾ ਜਾਂਦਾ ਸੀ। ਇਸ ਕੁਰਸੀ 'ਤੇ ਨਵ-ਵਿਆਹੀ ਆਪਣੇ ਸਿਰ ਦੇ ਬਸਤਰ ਰੱਖਣ ਤੋਂ ਬਿਨਾਂ ਕਿਸੇ ਹੋਰ ਵਰਤੋਂ ਵਿਚ ਨਹੀਂ ਸੀ ਲਿਆਂਦੀ। ਮੁਸਲਮਾਨਾਂ ਦਾ ਪ੍ਰਭਾਵ ਭਾਰਤ ਵਰਸ਼ 'ਤੇ ਵੀ ਪਿਆ ਪਰ ਅਫ਼ਗਾਨੀਆਂ ਦੇ ਭਾਰਤ ਆਉਣ ਨਾਲ ਭਾਰਤ ਦੇ ਪੱਗ-ਇਤਿਹਾਸ ਵਿਚ ਉਦੋਂ ਵੱਡਾ ਮੋੜ ਆਇਆ ਜਦੋਂ ਕਿ ਅਫ਼ਗਾਨੀਆਂ ਨੇ ਆਪਣਾ ਵਡੱਪਣ ਕਾਇਮ ਰੱਖਣ ਲਈ ਹਿੰਦੂਆਂ ਨੂੰ ਪੱਗ ਬੰਨ੍ਹਣ ਦੇ ਅਧਿਕਾਰ ਤੋਂ ਵੰਚਿਤ ਕਰ ਦਿੱਤਾ। ਖ਼ੈਰ ੧੭ਵੀਂ ਸਦੀ ਵਿਚ ਕਸ਼ਮੀਰੀ ਹਿੰਦੂ ਮੁਸਾਹਿਬ ਨੇ ਆਪਣੇ ਲੜਕੇ ਦੇ ਵਿਆਹ 'ਤੇ ਇਕ ਸੌ ਇਕ ਗਜ਼ ਲੰਬੀ ਪੱਗ ਦੀ ਇਜਾਜ਼ਤ ਲੈ ਲਈ। ਉਸ ਸਮੇਂ ਤਕ ਪੰਜਾਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੂਰਛਤ ਕੌਮ ਵਿਚ ਵਿਲੱਖਣ ਤਾਕਤ ਭਰ ਦੇਣ ਲਈ ਆਪਣੀ ਤਿਆਰੀ ਕਰ ਲਈ ਸੀ।

੧੬੯੯ ਈ. ਪੰਜਾਬ ਵਿਚ ਵਿਸਾਖੀ ਦਾ ਦਿਹਾੜਾ ਦੁਨੀਆਂ ਦੇ ਇਤਿਹਾਸ ਵਿਚ ਅਤੇ ਵਿਸ਼ੇਸ਼ ਤੌਰ 'ਤੇ ਬਸਤਰ ਗਾਥਾ ਵਿਚ ਇਕ ਵਿਸ਼ੇਸ਼ ਦਿਨ ਬਣ ਕੇ ਉਗਮਿਆ। ਖਾਲਸਾ ਪੰਥ ਸਾਜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਕੰਘਾ, ਕੇਸ, ਕੜਾ, ਕਛਹਿਰਾ, ਕਿਰਪਾਨ ਪਹਿਨਣ ਦਾ ਹੁਕਮ ਦਿੱਤਾ। ਜਿਵੇਂ ਕੇਸਾਂ ਨਾਲ ਕੰਘਾ ਜ਼ਰੂਰੀ ਸੀ, ਉਸੇ ਤਰ੍ਹਾਂ ਈਸਾਈਆਂ,

ਯਹੂਦੀਆਂ, ਮੁਸਲਮਾਨਾਂ, ਅਫ਼ਗਾਨਾਂ, ਹਿੰਦੂਆਂ ਆਦਿ ਵੱਲੋਂ ਬੰਨ੍ਹੀ ਜਾਂਦੀ ਰਿਵਾਜ਼ਨ ਦਸਤਾਰ ਨੂੰ ਗੁਰੂ ਜੀ ਨੇ ਧਾਰਮਿਕਤਾ ਅਤੇ ਅਧਿਆਤਮਿਕਤਾ ਦੇ ਅਰਥ ਦੇ ਕੇ ਸਦਾ ਲਈ ਸਜੀਵ ਕਰ ਦਿੱਤਾ।

ਭਾਵੇਂ ਕਿ ਮੁਸਲਮਾਨਾਂ ਵਿਚ ਪੱਗ ਬੰਨ੍ਹਣ ਲਈ ਖ਼ੁਦ ਪੈਗ਼ੰਬਰ ਵੱਲੋਂ ਕਿਹਾ ਗਿਆ ਹੈ ਅਤੇ ਮੁਹੰਮਦ ਜੀ ਖ਼ੁਦ ਵੀ ਪੱਗ ਬੰਨ੍ਹਦੇ ਸਨ ਪਰੰਤੂ ਪੱਗ ਬੰਨ੍ਹਣਾ ਇਕ ਲਾਜ਼ਮੀ ਫਰਜ਼ ਕਦੇ ਵੀ ਨਾ ਬਣ ਸਕਿਆ। ਸਿੱਖ ਧਰਮ ਵਿਚ ਕੁਦਰਤ ਵੱਲੋਂ ਬਖਸ਼ੇ ਵਾਲਾਂ ਨੂੰ ਹਮੇਸ਼ਾਂ ਸਾਬਤ-ਸੂਰਤ ਰੱਖਣ ਦੇ ਹੁਕਮ ਨੇ ਸਿੱਖਾਂ ਨੂੰ 'ਦਸਤਾਰ ਸਿਰਾ' ਬੰਨ੍ਹਣਾ ਲਾਜ਼ਮੀ ਬਣਾ ਦਿੱਤਾ। ਹਾਲਾਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਵੀ ਸਾਰੇ ਸਿੱਖ ਗੁਰੂ ਸਾਹਿਬਾਨ ਦਸਤਾਰ ਸਜਾਉਂਦੇ ਤੇ ਕੇਸ ਵੀ ਰੱਖਦੇ ਸਨ ਅਤੇ ਬਹੁਤ ਸਾਰੇ ਸਿੱਖ ਵੀ ਅਜਿਹਾ ਹੀ ਕਰਦੇ ਸਨ ਪਰੰਤੂ ੧੬੯੯ ਦੀ ਵਿਸਾਖੀ ਨੂੰ ਹੋਏ ਫੁਰਮਾਨ ਨੇ ਕੇਸਾਂ ਅਤੇ ਦਸਤਾਰ ਨੂੰ ਸਿੱਖੀ ਸਰੂਪ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ।

ਸਿੱਖਾਂ ਨੇ ਪੱਗ ਨੂੰ ਧਾਰਮਿਕ ਪਹਿਚਾਣ ਵਜੋਂ, ਸਮਾਜਿਕ ਤੇ ਸੱਭਿਆਚਾਰਕ ਸਥਾਨ ਵਜੋਂ, ਵਿਲੱਖਣਤਾ ਦੇ ਪ੍ਰਤੀਕ ਵਜੋਂ ਬੜੇ ਚਾਵਾਂ ਨਾਲ ਪਿਆਰਿਆ, ਦੁਲਾਰਿਆ ਤੇ ਸਤਿਕਾਰਿਆ। ਪੰਜਾਬੀ ਸੰਸਕ੍ਰਿਤੀ ਵਿਚ ਜੋ ਮਾਨ-ਸਨਮਾਨ ਪੱਗ ਦੇ ਹਿੱਸੇ ਆਇਆ ਹੈ ਹੋਰ ਕਿਸੇ ਪਹਿਰਾਵੇ ਨੂੰ ਨਸੀਬ ਨਹੀਂ ਹੋਇਆ। ਇਸ ਲਿਬਾਸ ਨੂੰ ਸਿੱਖਾਂ ਨੇ ਆਪਣੀ ਸ਼ਖ਼ਸੀਅਤ ਦੀ ਤਰਜਮਾਨੀ ਕਰਨ ਲਈ, ਆਪਣੀ ਧਾਰਮਿਕ ਨਿਸ਼ਚਾ ਦਿਖਾਉਣ ਲਈ, ਜ਼ਾਹਰਾ ਪਹਿਚਾਣ ਕਾਇਮ ਕਰਨ ਲਈ, ਬਹਾਦਰੀ ਦੇ ਸਰੂਪ ਵਜੋਂ ਉਭਰਨ ਲਈ, ਹਸਤ ਕਲਾ ਦੀ ਪ੍ਰਬੀਨਤਾ ਦਾ ਮੁਜ਼ਾਹਰਾ ਕਰਨ ਲਈ, ਜ਼ਿੰਦਗੀ 'ਚ ਜੁਆਨੀ ਦੀ ਰੰਗੀਨੀ ਭਰਨ ਲਈ ਦਸਤਾਰ ਨੂੰ ਆਪਣੇ ਸਿਰ ਜਿੰਨੀ ਮਹਾਨਤਾ ਦਿੱਤੀ ਹੈ। ਸਿਰ ਦਾ ਚੀਰਾ ਕਦੇ ਸੁਹਾਗ ਦੀ ਨਿਸ਼ਾਨੀ ਬਣਦਾ ਹੈ ਤੇ ਕਦੇ ਸਵੈਮਾਣ ਦੀ। ਦਸਤਾਰ ਕਦੇ ਪੁਰਖਿਆਂ ਦੀ ਇੱਜ਼ਤ ਦਾ ਪ੍ਰਤੀਕ ਬਣਦੀ ਹੈ ਤੇ ਕਦੇ ਸੰਘਰਸ਼ਮਈ ਇਤਿਹਾਸ ਦੀ ਦਾਸਤਾਨ। ਇਹ ਕਦੇ ਵੱਡ-ਵਡੇਰੀ ਇੱਜ਼ਤ ਦੀ ਕਹਾਣੀ ਪਾਉਂਦੀ ਹੈ ਤੇ ਕਦੇ ਛੈਲ-ਛਬੀਲੀ ਜੁਆਨੀ ਦੇ ਨਿਖਾਰ ਦੀ।

ਯਹੂਦੀਆਂ ਅਤੇ ਮੁਸਲਮਾਨਾਂ ਵਿਚ ਵੀ ਦਸਤਾਰ ਸਬੰਧੀ ਕੁਝ ਅਦਬ ਬਾ-ਦਸਤੂਰ ਕਾਇਮ ਰੱਖੇ ਜਾਂਦੇ ਹਨ। ਯਹੂਦੀਆਂ ਵਿਚ ਫ਼ੁਰਮਾਨ ਹੈ ਕਿ ਪੱਗ ਬੰਨ੍ਹਣ ਲੱਗਿਆਂ ਪਰਮਾਤਮਾ ਨੂੰ ਯਾਦ ਕੀਤਾ ਜਾਵੇ। ਮੁਸਲਿਮ ਧਰਮ ਵਿਚ ਪ੍ਰਚੱਲਤ ਅਦਾਬ-ਏ-ਦਸਤਾਰ ਅਨੁਸਾਰ ਪੱਗ ਖੋਲ੍ਹ ਕੇ ਬੰਨ੍ਹਣੀ ਚਾਹੀਦੀ ਹੈ। ਨਵੀਂ ਪੱਗ ਜੁਮੇ ਨੂੰ ਬੰਨ੍ਹਣੀ ਚਾਹੀਦੀ ਹੈ। ਸਿੱਖ ਇਸ ਮਾਮਲੇ ਵਿਚ ਇਸ ਤੋਂ ਵੀ ਅੱਗੇ ਹਨ। ਬੱਚਿਆਂ ਦੀ ਦਸਤਾਰਬੰਦੀ ਦੀ ਰਸਮ ਬਾਕਾਇਦਾ ਧਾਰਮਿਕ ਰਹੁ-ਰੀਤਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਕੀਤੀ ਜਾਂਦੀ ਹੈ।

ਇਕ ਪੱਖੋਂ ਦੇਖਿਆ ਜਾਵੇ ਤਾਂ ਪੱਗ ਅੰਦਰੂਨੀ ਸ਼ਖ਼ਸੀਅਤ ਦਾ ਬਾਹਰੂਨੀ ਮੁਜ਼ਾਹਰਾ ਹੈ। ਬੇ-ਤਰਤੀਬੀ, ਉਘੜੀ-ਦੁਗੜੀ ਪੱਗ ਢਹਿੰਦੀ ਕਲਾ ਦੀ ਸ਼ਖ਼ਸੀਅਤ ਦੇ ਮੇਚ ਦੀ ਹੁੰਦੀ ਹੈ ਜਦੋਂ ਕਿ ਕੱਲਾ-ਕੱਲਾ ਪੇਚ ਤਹਿ-ਪਰ-ਤਹਿ ਚੁਸਤ-ਫੁਰਤ ਸ਼ਖ਼ਸੀਅਤ ਦੀ ਨਿਸ਼ਾਨੀ ਹੁੰਦੀ

(ਬਾਕੀ ਸਫ਼ਾ ੩੧ 'ਤੇ)

# ਸਾਡਾ ਪਹਿਰਾਵਾ : ਪਗੜੀ

*-ਸ. ਸ਼ਮਸ਼ੇਰ ਸਿੰਘ 'ਅਸ਼ੋਕ'*

ਪਗੜੀ ਪਹਿਲੇ-ਪਹਿਲ ਭਾਰਤ ਵਿਚ ਕਿਵੇਂ ਤੇ ਕਦੋਂ ਪ੍ਰਚੱਲਤ ਹੋਈ ਇਸ ਬਾਰੇ ਭਾਵੇਂ ਹੋਰ ਪ੍ਰਮਾਣ ਤਾਂ ਨਹੀਂ ਮਿਲਦੇ, ਪਰ ਇਸ ਬਾਰੇ ਸੰਸਕ੍ਰਿਤ ਵਿਚ ਇਕ 'ਉਸ਼ਣੀਕ' ਸ਼ਬਦ ਹੈ ਜਿਸ ਦਾ ਮਤਲਬ ਹੈ ਉਹ ਪਹਿਰਾਵਾ, ਜੋ ਸਿਰ ਨੂੰ ਉਸ਼ਣ (ਗਰਮੀ) ਤੋਂ ਬਚਾਈ ਰੱਖੇ। ਇਸ ਤਰ੍ਹਾਂ ਇਹ 'ਉਸ਼ਣੀਕ' ਸ਼ਬਦ ਅਸਲ ਵਿਚ ਕਿਰੀਟ, ਮੁਕਟ, ਤਾਜ ਜਾਂ ਟੋਪੀ ਦਾ ਹੀ ਕੁਝ ਪ੍ਰਯਾਵਾਚੀ ਹੈ, ਜੋ ਰਾਮਾਇਣ ਜਾਂ ਮਹਾਂਭਾਰਤ ਦੇ ਸਮੇਂ ਛਤ੍ਰੀ ਰਾਜੇ, ਮਹਾਰਾਜੇ ਤੇ ਸਰਦਾਰ ਪਹਿਨਦੇ ਸਨ। ਆਰੀਆ ਲੋਕਾਂ ਨੇ ਪਗੜੀ ਦਾ ਪਹਿਰਾਵਾ ਜੋ ਭਾਰਤ ਵਾਸੀ ਦ੍ਰਾਵਿੜਾਂ ਜਾਂ ਅਸੀਰੀਆ ਤੇ ਬੇਬੀਲੋਨੀਆਂ ਦੇ ਲੋਕਾਂ ਵਿਚ ਈਸਾ ਤੋਂ ਤਿੰਨ-ਚਾਰ ਹਜ਼ਾਰ ਵਰ੍ਹੇ ਪਹਿਲਾਂ ਪ੍ਰਚੱਲਤ ਸੀ, ਇਨ੍ਹਾਂ ਆਦਿ ਵਾਸੀਆਂ ਤੋਂ ਹੀ ਲਿਆ ਸੀ। ਪਗੜੀ ਅਥਵਾ ਦਸਤਾਰ ਈਸਾ ਤੋਂ ੩੦੦੦-੪੦੦੦ ਵਰ੍ਹੇ ਪਹਿਲਾਂ ਅਸੀਰੀਅਨ ਜਾਂ ਬੇਬੀਲੋਨੀਅਨ ਦੇਵਤਿਆਂ ਦੇ ਸਿਰਾਂ ਦਾ ਸ਼ਿੰਗਾਰ ਸੀ। ਇਨ੍ਹਾਂ ਦੇਸ਼ਾਂ ਦੇ ਬਾਦਸ਼ਾਹ ਤੇ ਉਨ੍ਹਾਂ ਦੇ ਦਰਬਾਰੀ ਸਿਰਾਂ ਉੱਤੇ ਪਗੜੀਆਂ ਬੰਨ੍ਹਣ ਵਿਚ ਬੜਾ ਫ਼ਖ਼ਰ ਸਮਝਦੇ ਸਨ। ਆਰੀਆ ਲੋਕ, ਜੋ ਮੱਧ ਏਸ਼ੀਆ ਵਿੱਚੋਂ ਭਾਰਤ ਵਿਚ ਆ ਕੇ ਆਬਾਦ ਹੋਏ, ਪਹਿਲੇ-ਪਹਿਲ ਇਕ ਕੱਪੜੇ ਜਾਂ ਇਉਂ ਕਹੋ ਕਿ ਅੱਧਨੰਗੇ ਦੀ ਹਾਲਤ ਵਿਚ ਹੀ ਰਹਿੰਦੇ ਸਨ ਤੇ ਉਨ੍ਹਾਂ ਪਾਸ ਤਨ ਢੱਕਣ ਨੂੰ ਸਿਰਫ਼ ਦੋ ਬਸਤਰ ਹੁੰਦੇ ਸਨ- (੧) ਉੱਤਰੀਯ (ਪਰਨਾ) ਤੇ (੨) ਅੰਤਰੀਯ (ਧੋਤੀ ਜਾਂ ਕਹਾਈ), ਜਿਨ੍ਹਾਂ ਬਾਰੇ ਅਜਾਇਬ ਘਰਾਂ ਵਿੱਚੋਂ ਪੁਰਾਣੇ ਰਿਖੀਆਂ-ਮੁਨੀਆਂ ਤੇ ਯੋਧਿਆਂ ਦੀਆਂ ਪ੍ਰਸਤਰ ਮੂਰਤੀਆਂ ਦੇਖਣ 'ਤੇ ਸਾਫ਼ ਪਤਾ ਲੱਗਦਾ ਹੈ। ਇਸ ਤੋਂ ਪਿੱਛੋਂ ਮੌਰਯਾਂ, ਗੁਪਤਾਂ ਜਾਂ ਰਾਜਪੂਤਾਂ ਦੇ ਸਮੇਂ, ਜਦ ਇਥੇ ਪਗੜੀ ਬੰਨ੍ਹਣ ਦਾ ਰਿਵਾਜ ਤੁਰਿਆ ਤੇ ਵਿਦੇਸ਼ੀ ਹਮਲਾਵਰਾਂ ਦੇ ਪ੍ਰਭਾਵ ਹੇਠ ਹੋਰ ਵੀ ਕਈ ਸਮਾਜਿਕ ਤੇ ਵਿਹਾਰਿਕ ਉਲਟ-ਫੇਰ ਹੋਏ ਤਾਂ ਕਿਰੀਟ ਜਾਂ ਮੁਕਟ ਦੀ ਥਾਵੇਂ ਪਗੜੀ ਵੀ 'ਉਸ਼ਣੀਕ' ਦੇ ਅਰਥਾਂ ਵਿਚ ਹੀ ਲਈ ਜਾਣ ਲੱਗ ਪਈ। ਇਸਲਾਮ ਦੀਆਂ ਜਿੱਤਾਂ ਨਾਲ ਨਾ ਕੇਵਲ ਭਾਰਤ ਵਿਚ ਹੀ, ਸਗੋਂ ਹੋਰ ਦੇਸ਼ਾਂ ਵਿਚ ਵੀ ਲੋਕੀ ਪਗੜੀਆਂ ਬੰਨ੍ਹਣ ਵਿਚ ਬੜਾ ਮਾਣ ਤੇ ਫ਼ਖ਼ਰ ਸਮਝਣ ਲੱਗ ਪਏ। ਇਥੋਂ ਤਕ ਕਿ ੧੯ਵੀਂ ਸਦੀ ਵਿਚ ਕੁਝ ਯੂਰਪੀਅਨ ਮਰਦਾਂ ਤੇ ਇਸਤਰੀਆਂ ਨੇ ਵੀ ਪਗੜੀ ਨੂੰ ਅਪਣਾ ਕੇ ਆਪਣੇ ਫ਼ੈਸ਼ਨ ਵਿਚ ਦਾਖ਼ਲ ਕਰ ਲਿਆ ਸੀ।

ਪੰਜਾਬ ਬੇਸ਼ੱਕ ਦ੍ਰਾਵਿੜਾਂ ਪਿੱਛੋਂ ਆਰੀਅਨ ਦਾ ਨਿਵਾਸ-ਸਥਾਨ ਤਾਂ ਵੈਦਿਕ ਸਮੇਂ ਵਿਚ ਹੀ ਬਣ ਚੁਕਾ ਸੀ, ਪਰ ਪਗੜੀ ਦਾ ਰਿਵਾਜ ਇਥੇ ਦ੍ਰਾਵਿੜਾਂ ਤੋਂ ਹੀ ਚੱਲਿਆ। ਪਿੱਛੋਂ ਫੇਰ ਇਸ ਪਹਿਰਾਵੇ ਨੂੰ ਯੂਨਾਨੀਆਂ, ਸ਼ਕਾਂ, ਹੂਣਾਂ, ਪਾਰਥੀਆਂ ਤੇ ਮੁਸਲਮਾਨਾਂ ਨੇ ਕਿਸ ਹੱਦ ਤਕ ਜਾਰੀ ਰੱਖਿਆ ਭਾਵੇਂ ਇਹ ਕਹਿਣਾ ਤਾਂ ਬੜੀ ਔਖੀ ਜਿਹੀ ਗੱਲ ਹੈ ਕਿ ਪਗੜੀ ਕਦੋਂ ਤੇ ਕਿਵੇਂ ਕੀਹਦੇ ਸਿਰ 'ਤੇ ਜਾ ਕੇ ਟਿਕਦੀ ਰਹੀ ਕਿਉਂਕਿ ਪੰਜਾਬ ਭਾਰਤ ਦਾ ਪੱਛਮੀ ਦਰਵਾਜ਼ਾ ਹੈ ਤੇ ਇਸ ਦਰਵਾਜ਼ੇ ਥਾਣੀਂ ਆਰੀਆ, ਯੂਨਾਨੀ, ਈਰਾਨੀ ਆਦਿ ਲੰਘਦੇ ਰਹੇ ਹਨ। ਅਜਿਹੇ ਸਾਰੇ

ਦੇ ਸਾਰੇ ਇਤਿਹਾਸਕ ਮਸਲੇ ਸਮੇਂ ਦੇ ਉਲਟ-ਫੇਰ ਦੀਆਂ ਅਨ੍ਹੇਰੀਆਂ ਖੋਹਾਂ ਵਿਚ ਜਾ ਲੁਕੇ ਹਨ। ਜੇ ਉਨ੍ਹਾਂ ਦਾ ਕੋਈ ਇਤਿਹਾਸਕ ਹਿਸਾਬ ਜਾਂ ਵਹੀ-ਖਾਤਾ ਕਿਸੇ ਨੇ ਸਾਂਭ ਕੇ ਰੱਖਿਆ ਵੀ ਹੋਵੇ ਤਾਂ ਉਹ ਸਾਨੂੰ ਅਜੇ ਤਕ ਕਿਤੋਂ ਮਿਲ ਨਹੀਂ ਰਿਹਾ।

ਸਿੱਖਾਂ ਤੋਂ ਛੁਟ ਪਗੜੀ ਦਾ ਰਿਵਾਜ ਬਹੁਤਾ ਪੰਜਾਬ ਦੇ ਹਿੰਦੂਆਂ ਵਿਚ ਵੀ ਹੈ ਤੇ ਮੁਸਲਮਾਨਾਂ ਵਿਚ ਵੀ। ਬੰਗਾਲ, ਮਦਰਾਸ, ਬੰਬਈ, ਗੁਜਰਾਤ, ਰਾਜਸਥਾਨ ਆਦਿ ਇਲਾਕਿਆਂ ਵਿਚ ਪਗੜੀ ਕਈ ਅਨੋਖੇ ਤੇ ਕਲਾਤਮਕ ਢੰਗ ਵਰਤ ਕੇ ਬੰਨ੍ਹੀ ਜਾਂਦੀ ਹੈ ਤੇ ਪੰਜਾਬ ਦੀ ਪਗੜੀ ਦੇ ਮੁਕਾਬਲੇ 'ਤੇ ਉਹ ਬੜੀ ਓਪਰੀ-ਓਪਰੀ ਲੱਗਦੀ ਹੈ। ਜਿਵੇਂ ਸੁਲਤਾਨ ਟੀਪੂ, ਮੀਰ ਜਾਫ਼ਰ ਦੀ ਪਗੜੀ ਨਾਲ ਮਾਰਵਾੜੀਆਂ ਤੇ ਮਰਾਠਿਆਂ ਦੀ ਪਗੜੀ ਨਹੀਂ ਮਿਲਦੀ, ਤਿਵੇਂ ਪੁਰਾਣੇ ਸਿੱਖਾਂ ਦੇ ਦਸਤਾਰ ਦੇ ਬੰਧੇਜ ਨੂੰ ਜੇ ਮੁਗ਼ਲਈ ਦਸਤਾਰ ਨਾਲ ਮਿਲਾਇਆ ਜਾਵੇ ਤਾਂ ਉਹ ਕਈ ਥਾਵੇਂ ਰਾਜਸੀ ਮੇਲ-ਮਿਲਾਪ ਦੇ ਬਾਵਜੂਦ ਵੀ ਅੱਡਰੀ ਹੀ ਨਜ਼ਰ ਆਵੇਗੀ। ਪ੍ਰਮਾਣ ਵਜੋਂ ਸਿੱਖ ਗੁਰੂ ਸਾਹਿਬਾਨ ਦੀ ਦਸਤਾਰ ਦੇ ਬੰਧੇਜ ਉਨ੍ਹਾਂ ਦੀਆਂ ਪੁਰਾਤਨ ਤਸਵੀਰਾਂ ਤੋਂ ਲਏ ਜਾ ਸਕਦੇ ਹਨ। ਮਦਰਾਸੀ ਪਗੜੀ ਹੇਠ, ਜਿਵੇਂ ਕਿ ਸੁਲਤਾਨ ਟੀਪੂ ਦੀ ਪਗੜੀ ਦੀ ਮਿਸਾਲ ਹੈ, ਕੰਨ ਹਮੇਸ਼ਾਂ ਨੰਗੇ ਰਹਿੰਦੇ ਹਨ ਤੇ ਮਾਰਵਾੜੀ ਲੋਕ ਵੀ ਪਗੜੀ ਬੜੇ ਵਿਕੋਲਿੱਤਰੇ ਢੰਗ ਨਾਲ ਬੰਨ੍ਹਦੇ ਹਨ। ਇਕ ਬਾਰੀਕ ਮਲਮਲ ਦਾ ਥਾਨ ਲੈ ਕੇ ਪਹਿਲਾਂ ਉਹ ਉਸ ਨੂੰ ਚੰਗੀ ਤਰ੍ਹਾਂ ਰੰਗਾਉਂਦੇ ਹਨ ਤੇ ਫਿਰ ਲੰਮੀਆਂ ਲੀਰਾਂ ਕਰ ਕੇ ਉਨ੍ਹਾਂ ਨੂੰ ਲਾਂ ਵਾਂਗੂ ਮਰੋੜੀਆਂ ਦੇ ਕੇ ਇਰਦ-ਗਿਰਦ ਵਿੰਗੇ-ਟੇਢੇ ਢੰਗ ਨਾਲ ਲਪੇਟ ਲੈਂਦੇ ਹਨ। ਠੀਕ ਉਸੇ ਤਰ੍ਹਾਂ ਜਿਵੇਂ ਰੱਸੀਆਂ ਨਾਲ ਕੱਸ ਕੇ ਗੇਂਦ ਮੜ੍ਹੀ ਜਾਂਦੀ ਹੈ। ਫਿਰ ਸੁਆਦਲੀ ਗੱਲ ਇਹ ਹੈ ਕਿ ਉਹ ਗੇਂਦ ਵਾਂਗੂ ਮੜ੍ਹੀ ਹੋਈ ਪੱਗ ਪਹਿਲਾਂ ਸਾਰਾ ਦਿਨ ਸੇਠ ਜੀ ਦੇ ਸਿਰ ਉੱਤੇ ਉਸੇ ਤਰ੍ਹਾਂ ਟਿਕੀ ਰਹਿੰਦੀ ਹੈ ਤੇ ਫਿਰ ਸ਼ਾਮ ਨੂੰ ਟੋਪੀ ਵਾਂਗ ਉਸੇ ਤਰ੍ਹਾਂ ਬਣੀ-ਠਣੀ ਲਾਹ ਕੇ ਕਿੱਲੀ ਉੱਤੇ ਟੰਗ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਉਹ ਬੰਨ੍ਹੀ-ਬੰਨ੍ਹਾਈ ਪੱਗ ਨਾ ਜਾਣੇ ਕਿਤਨਾ ਚਿਰ ਇੱਕੋ ਸਿਰ ਉੱਤੇ ਹੰਢਦੀ ਤੇ ਫਿਰ ਕੁਝ ਸਮੇਂ ਬਾਅਦ ਤਦ ਹੀ ਸਿਰ ਤੋਂ ਲਾਹ ਕੇ ਖੋਲ੍ਹੀ ਜਾਂ ਬਦਲੀ ਜਾਂਦੀ ਹੈ, ਜਦ ਉਹ ਪੂਰੀ ਤਰ੍ਹਾਂ ਮੈਲੀ ਜਾਂ ਬਦਰੰਗ ਹੋ ਜਾਵੇ, ਅਥਵਾ ਕਿਸੇ ਨੁੱਕਰੋਂ ਫਟ ਕੇ ਖ਼ਰਾਬ ਹੋ ਜਾਵੇ। ਰਾਜਸਥਾਨੀ ਸ਼ਮਲੇਦਾਰ ਪਗੜੀ, ਜੋ ਖ਼ਾਸ ਤੌਰ 'ਤੇ ਟੇਢੀ ਕਰਕੇ ਬੰਨ੍ਹੀ ਜਾਂਦੀ ਹੈ, ਭਾਵੇਂ ਹੈ ਤਾਂ ਮੁਸਲਮਾਨਾਂ ਦੀ ਨਕਲ ਹੀ, ਪਰ ਸਿਫ਼ਤ ਹੈ ਕਿ ਇਸ ਦੇ ਪਿੱਠ ਪਿੱਛੇ ਲਮਕਦੇ ਲੜ ਨੂੰ ਉੱਪਰ ਕੁੰਜ ਕੇ ਰੱਖਣ ਲਈ ਇਕ ਪੀਡੀ ਗੰਢ ਦਿੱਤੀ ਜਾਂਦੀ ਹੈ। ਇਹੋ ਗੰਢ ਰਾਜਪੂਤੀ ਪਗੜੀ ਦੇ ਬੰਧੇਜ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ।

ਪੱਗਾਂ ਦੇ ਫ਼ਰਕ ਜਾਚਣ ਲਈ ਜੇ ਮੁਸਲਮਾਨੀ ਬੰਧੇਜ ਨੂੰ ਹੀ ਲਿਆ ਜਾਵੇ ਤਾਂ ਗਜ਼ਨਵੀ ਪੱਗ, ਖ਼ਿਲਜੀਆਂ ਦੀ ਪੱਗ, ਸੱਯਦਾਨੀ ਪੱਗ, ਅਫ਼ਗਾਨੀ ਪੱਗ ਤੇ ਪਠਾਣੀ ਪੱਗ, ਭਾਵੇਂ ਇਹ ਸਾਰੀਆਂ ਹੀ ਪੱਗਾਂ ਪੰਜਾਬ ਵਿੱਚੋਂ ਹੀ ਹੋ ਕੇ ਲੰਘੀਆਂ ਹਨ, ਪਰ ਮੁਗ਼ਲਈ ਪੱਗ, ਜਿਸ ਨੂੰ ਸ਼ਾਹ ਬਾਬਰ, ਹਮਾਯੂੰ ਤੇ ਅਕਬਰ ਬੰਨ੍ਹਦੇ ਰਹੇ ਹਨ ਤੇ ਅਕਬਰੀ ਦਰਬਾਰ ਦੇ ਨੌਂ ਰਤਨਾਂ ਨੇ ਜੋ ਪਗੜੀ ਅਪਣਾਈ ਤੇ ਰਾਜਪੂਤ ਵੀ ਮਹਾਰਾਣਾ ਜੈਪੁਰ, ਜੋਧਪੁਰ, ਬੀਕਾਨੇਰ ਆਦਿ ਜਿਸ ਦੀ ਨਕਲ ਕਰਦੇ ਰਹੇ, ਇਕ ਰੀਝਾਂ ਭਰੇ ਹੁਨਰ ਦੀ ਨਿਸ਼ਾਨੀ ਸੀ। ਕਹਿੰਦੇ ਹਨ ਕਿ ਇਕ ਵੇਰ ਸ਼ਾਹ ਅਕਬਰ ਨੇ ਹਾਸੇ-ਮਖ਼ੌਲ ਵਿਚ ਹੀ ਚੰਗੀ ਮਾੜੀ ਪਗੜੀ ਦਾ ਬੰਧੇਜ ਦੇਖਣ ਲਈ ਭਰੇ ਦਰਬਾਰ ਮੁੱਲਾਂ ਦੁਪਿਆਜ਼ਾ ਨਾਲ ਬੀਰਬਲ ਦਾ ਜੱਫਾ ਪਵਾ ਦਿੱਤਾ। ਮੁੱਲਾਂ ਦੁਪਿਆਜ਼ਾ ਅਰਬ ਦਾ ਜੰਮ-ਪਲ ਹੋਣ ਕਰਕੇ ਪਗੜੀ ਬੰਨ੍ਹਣ ਵਿਚ ਬੜਾ ਮਾਹਿਰ ਸੀ। ਪਰ ਬੀਰਬਲ ਨਾਰਨੌਲ (ਦਿੱਲੀ ਦੇ

ਨੇੜੇ) ਦਾ ਵਸਨੀਕ ਸੀ, ਜਿਸ ਨੂੰ ਪਗੜੀ ਬੰਨ੍ਹਣੀ ਉੱਕੀ ਹੀ ਨਹੀਂ ਸੀ ਆਉਂਦੀ। ਗੱਲ ਅਸਲ ਵਿਚ ਇਉਂ ਹੋਈ ਕਿ ਦੋਵੇਂ ਫ਼ਰੀਕ ਜਿਦ-ਜਿਦ ਕੇ ਘਰੋਂ ਪਗੜੀਆਂ ਬੰਨ੍ਹ-ਬੰਨ੍ਹਾ ਆਏ, ਪਰ ਜਦ ਬਾਦਸ਼ਾਹ ਦੇ ਕਹਿਣ 'ਤੇ ਉਹ ਪਗੜੀਆਂ ਢਾਹ ਕੇ ਮੁੜ ਨਵੇਂ ਸਿਰਿਓਂ ਦਰਬਾਰ ਵਿਚ ਬੰਨ੍ਹਣ ਲੱਗੇ ਤਾਂ ਮੁੱਲਾਂ ਦੁਪਿਆਜ਼ਾ ਚੰਗੀ ਪਗੜੀ ਬੰਨ੍ਹਣ ਕਰਕੇ ਜਿੱਤਿਆ ਤੇ ਬੀਰਬਲ ਮੁਕਾਬਲੇ 'ਤੇ ਹਾਰ ਗਿਆ ਜਿਸ ਕਰਕੇ ਉਸ ਦਾ ਸਾਰੇ ਪਾਸਿਓਂ ਮਜ਼ੌਲ ਉਡਿਆ। ਅਕਬਰ ਵਾਂਗੂ ਹੀ ਸ਼ਾਹ ਜਹਾਂਗੀਰ ਦੇ ਦਰਬਾਰੀਆਂ ਵਿਚ ਵੀ ਚੰਗੀ ਪਗੜੀ ਦੇ ਬੰਧੇਜ ਉੱਤੇ ਬੜਾ ਜ਼ੋਰ ਦਿੱਤਾ ਜਾਂਦਾ ਸੀ। ਸ਼ਾਹ ਜਹਾਂਗੀਰ ਦੇ ਮੁਕਾਬਲੇ 'ਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰੀ ਢਾਡੀ ਅਬਦੁੱਲੇ ਨੇ ਉਨ੍ਹਾਂ ਦੀ ਪਗੜੀ ਨੂੰ ਸੁਹਣੇ ਬੰਧੇਜ ਦੀ ਨਿਸ਼ਾਨੀ ਸਮਝ ਕੇ ਇਨ੍ਹਾਂ ਸ਼ਬਦਾਂ ਨਾਲ ਸਲਾਹਿਆ ਹੈ:—

*ਦੋ ਤਲਵਾਰੀਂ ਬੱਧੀਆਂ, ਇਕ ਮੀਰ ਦੀ ਇਕ ਪੀਰ ਦੀ।*
*ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।...*
*ਪੱਗ ਤੇਰੀ, ਕੀ ਜਹਾਂਗੀਰ ਦੀ।*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਸਤਾਰ ਦੇ ਬੰਧੇਜ ਨੂੰ ਸੋਧ-ਸਵਾਰ ਕੇ 'ਗੁਰਮੁਖੀ ਦਸਤਾਰੇ' ਦਾ ਨਾਂ ਦਿੱਤਾ ਗਿਆ ਤੇ ਸੰਮਤ ੧੭੫੬ ਬਿ. ਵਿਚ ਜਦ ਖਾਲਸਾ ਪੰਥ ਸਾਜਿਆ ਤਾਂ ਰਹਿਤਨਾਮਿਆਂ ਅਨੁਸਾਰ ਦਸਤਾਰ ਸਿੱਖ ਪੰਥ ਦਾ ਇਕ ਲਾਜ਼ਮੀ ਅੰਗ ਕਰਾਰ ਦਿੱਤੀ ਗਈ ਤੇ ਹੁਕਮ ਦਿੱਤਾ ਕਿ ਜੋ ਸਿੱਖ ਦਸਤਾਰ-ਹੀਨ ਅਥਵਾ ਨੰਗੇ ਸਿਰ ਰਹੇ ਸੋ ਤਨਖ਼ਾਹੀਆ। ਇਨ੍ਹਾਂ ਹੀ ਰਹਿਤਨਾਮਿਆਂ ਦੇ ਕਾਰਨ, ਸਿੱਖਾਂ ਵਿੱਚੋਂ ਕਈ ਜਥੇਬੰਦੀਆਂ ਦੇ ਸਿੰਘ ਨਾ-ਕੇਵਲ ਆਪ ਹੀ ਦਸਤਾਰਾਂ ਸਜਾਉਂਦੇ ਹਨ, ਸਗੋਂ ਉਨ੍ਹਾਂ ਦੀਆਂ ਸਿੰਘਣੀਆਂ ਵੀ ਦਸਤਾਰਾਂ ਸਜਾਉਂਦੀਆਂ ਹਨ ਤੇ ਜੇ ਸਿੰਘ ਪਰਵਾਰ ਸਮੇਤ ਦਸਤਾਰ ਦਾ ਧਾਰਨੀ ਨਾ ਹੋਵੇ ਤਾਂ ਉਸ ਨੂੰ ਆਪਣੇ ਜਥੇ ਵਿਚ ਸ਼ਾਮਲ ਨਹੀਂ ਕਰਦੇ। ਸਿੱਖਾਂ ਵਿੱਚੋਂ ਵੀ ਨਿਹੰਗ ਸਿੰਘਾਂ ਦੀ ਦੁਮਾਲੇਦਾਰ ਪੱਗ, ਤੱਤ ਖਾਲਸਿਆਂ ਦੀ ਪੱਗ, ਨਿਰਮਲੇ ਸੰਤਾਂ ਦੀ ਪੱਗ, ਉਦਾਸੀਆਂ ਦੀ ਪੱਗ, ਨਾਮਧਾਰੀਆਂ ਦੀ ਪੱਗ, ਇਹ ਪੱਗਾਂ ਨਾ ਕੇਵਲ ਆਪਸ ਵਿਚ ਥੋੜ੍ਹਾ-ਬਾਹਲਾ ਫ਼ਰਕ ਹੀ ਰੱਖਦੀਆਂ ਹਨ, ਸਗੋਂ ਵੱਖੋ-ਵੱਖ ਵਿਚਾਰਕ ਦ੍ਰਿਸ਼ਟੀਕੋਣਾਂ ਨੂੰ ਮੁੱਖ ਰੱਖ ਕੇ ਕਿਸੇ ਹੱਦ ਤਕ ਕੁਝ ਅਹਿਮੀਅਤ ਵੀ ਰੱਖਦੀਆਂ ਹਨ। ਫੌਜ ਜਾਂ ਪੁਲਿਸ ਦੇ ਪੰਜਾਬੀ ਸਿਪਾਹੀ, ਚਾਹੇ ਉਹ ਹਿੰਦੂ, ਮੁਸਲਮਾਨ, ਅਥਵਾ ਸਿੱਖ ਕੁਝ ਵੀ ਹੋਣ, ਪਗੜੀ ਦਾ ਠੁਕਦਾਰ ਬੰਧੇਜ ਰੱਖਣ ਕਰਕੇ ਬੜੇ ਪ੍ਰਸਿੱਧ ਹਨ। ਇਨ੍ਹਾਂ ਦੇ ਮੁਕਾਬਲੇ 'ਤੇ ਯੂ. ਪੀ., ਮੱਧ ਪ੍ਰਦੇਸ਼ ਜਾਂ ਕਿਸੇ ਹੋਰ ਇਲਾਕੇ ਦੇ ਹਿੰਦੁਸਤਾਨੀ ਸਿਪਾਹੀਆਂ ਦੀ ਪਗੜੀ ਵਿਚ ਉਹ ਗੱਲ ਨਹੀਂ। ਕਿਸੇ ਸਮੇਂ ਖਾਲਸਾ ਦਰਬਾਰ ਲਾਹੌਰ ਦੀਆਂ ਤਿੱਲੇਦਾਰ ਪਗੜੀਆਂ ਦਾ ਬੰਧੇਜ ਭਾਵੇਂ ਬੜਾ ਮਸ਼ਹੂਰ ਸੀ, ਉਹ ਵੀ ਜਦ ਲਾਹੌਰ ਵਿਚ ਆਏ ਸਾਲ ਬਸੰਤ ਪੰਚਮੀ ਦਾ ਮੇਲਾ ਹੋਇਆ ਕਰਦਾ ਸੀ, ਪਰ ਪਿੱਛੋਂ ਰਿਆਸਤ ਪਟਿਆਲਾ, ਨਾਭਾ, ਜੀਂਦ ਆਦਿ ਦੀਆਂ ਜ਼ੱਰਕ-ਬੱਰਕ ਪਗੜੀਆਂ ਤੇ ਅੰਗਰੇਜ਼ੀ ਸਿੱਖ ਰੈਜਮੈਂਟਾਂ ਦੀਆਂ ਪਗੜੀਆਂ ਤਾਂ ਆਪਣੇ ਨਮੂਨੇ ਆਪ ਸਨ। ਇਨ੍ਹਾਂ ਵਿੱਚੋਂ ਵੀ ਪਟਿਆਲੇ ਦੇ ਫ਼ੌਜੀ ਨੌਜਵਾਨ ਤਾਂ ਆਪਣੀਆਂ ਸੁਹਣੀਆਂ ਪੱਗਾਂ ਦੇ ਕਾਰਨ ਹੋਰ ਵੀ ਮਸ਼ਹੂਰ ਸਨ।

ਇਹ ਹੈ ਪੰਜਾਬ ਦੇ ਪਹਿਰਾਵੇ ਪਗੜੀ ਦਾ ਇਤਿਹਾਸਕ ਵਿਵਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਾਬਤ ਸੂਰਤਿ ਦਸਤਾਰ ਸਿਰਾ' ਕਹਿ ਕੇ ਦਸਤਾਰ ਦੀ ਮਹਿਮਾ ਕੀਤੀ ਗਈ ਹੈ। ■

# ਸਿੱਖ ਸਰਦਾਰੀ ਦਾ ਪ੍ਰਤੀਕ- ਦਸਤਾਰ

*-ਸ. ਅਮਰਿੰਦਰ ਸਿੰਘ ਦਾਨਗੜ੍ਹ**

ਇਸ ਸੰਸਾਰ ਅੰਦਰ ਵਿਚਰਦਿਆਂ ਹਰ ਮਨੁੱਖ ਨੂੰ ਕੋਈ ਨਾ ਕੋਈ ਸ਼ੌਕ ਜ਼ਰੂਰ ਹੁੰਦਾ ਹੈ। ਕਿਸੇ ਨੂੰ ਕੋਈ ਸ਼ੌਕ ਨਾ ਹੋਵੇ ਇਹ ਤਾਂ ਮੰਨਣਾ ਔਖਾ ਹੋਵੇਗਾ। ਇਨ੍ਹਾਂ ਵਿੱਚੋਂ ਕੁਝ ਸ਼ੌਕ ਸਾਨੂੰ ਆਪਣੇ ਵਿਰਸੇ, ਸੱਭਿਆਚਾਰ, ਧਰਮ ਅਤੇ ਵੱਡੇ-ਵਡੇਰਿਆਂ ਤੋਂ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਵੱਲ ਸ਼ੁਰੂ ਵਿਚ ਕੋਈ ਖਾਸ ਧਿਆਨ ਨਹੀਂ ਜਾਂਦਾ। ਪਰ ਹੌਲੀ-ਹੌਲੀ ਇਹ ਸਾਡੇ ਹਰਮਨ ਪਿਆਰੇ ਸ਼ੌਕਾਂ ਵਿੱਚੋਂ ਇਕ ਬਣ ਜਾਂਦੇ ਹਨ। ਇਨ੍ਹਾਂ ਹੀ ਸ਼ੌਕਾਂ ਵਿੱਚੋਂ ਇਕ ਸ਼ੌਕ ਹੈ ਦਸਤਾਰ ਬੰਨ੍ਹਣ ਦਾ ਜੋ ਸਾਨੂੰ ਖਾਸ ਤੌਰ 'ਤੇ ਸਿੱਖ ਬੱਚਿਆਂ ਨੂੰ ਉਨ੍ਹਾਂ ਦੇ ਵਿਰਸੇ ਵਿੱਚੋਂ ਆਪਣੇ ਵੱਡੇ-ਵਡੇਰਿਆਂ ਕੋਲੋਂ ਹਾਸਲ ਹੁੰਦਾ ਹੈ ਅਤੇ ਹੌਲੀ-ਹੌਲੀ ਸ਼ੌਕ ਵਿਚ ਬਦਲ ਜਾਂਦਾ ਹੈ। ਦਸਤਾਰ ਹੋਰ ਵੀ ਵੱਖ-ਵੱਖ ਕੌਮਾਂ ਅੰਦਰ ਬੰਨ੍ਹੀ ਜਾਂਦੀ ਹੈ ਪਰ ਜੋ ਮਹੱਤਤਾ ਦਸਤਾਰ ਦੀ ਸਿੱਖ ਧਰਮ ਲਈ ਹੈ ਉਹ ਕਿਸੇ ਹੋਰ ਧਰਮ ਲਈ ਨਹੀਂ ਹੋ ਸਕਦੀ। ਜਿਥੇ ਇਹ ਇਕ ਸ਼ੌਕ ਹੈ, ਉਥੇ ਪੱਗ ਬੰਨ੍ਹਣੀ ਇਕ ਕਲਾ ਦੇ ਨਾਲ-ਨਾਲ ਸਿੱਖ ਧਰਮ ਦੀ ਪਹਿਚਾਣ ਵੀ ਹੈ। ਜਿਸ ਤਰ੍ਹਾਂ ਕੋਈ ਵੀ ਕੰਮ ਅਭਿਆਸ ਤੋਂ ਬਿਨਾਂ ਨਹੀਂ ਆਉਂਦਾ ਬਿਲਕੁਲ ਉਸੇ ਤਰ੍ਹਾਂ ਦਸਤਾਰ ਤੇ ਉਹ ਵੀ ਸੁਹਣੀ ਦਸਤਾਰ ਬੰਨ੍ਹਣੀ ਹਰ ਇਕ ਦੇ ਵੱਸ ਦਾ ਰੋਗ ਨਹੀਂ ਹੈ। ਪਰ ਅਭਿਆਸ ਕਰਕੇ ਹਰ ਕੋਈ ਬੰਨ੍ਹ ਸਕਦਾ ਹੈ। ਬੇਸ਼ੱਕ ਅੱਜ ਦੀ ਨੌਜਵਾਨ ਪੀੜ੍ਹੀ ਆਪਣੇ ਇਸ ਗੌਰਵਮਈ ਤੇ ਅਮੀਰ ਪਿਆਰੇ ਵਿਰਸੇ ਤੋਂ ਦੂਰ ਹੁੰਦੀ ਜਾ ਰਹੀ ਹੈ, ਇਸ ਵਿਚ ਜਿੱਥੇ ਨੌਜਵਾਨਾਂ ਦਾ ਆਪਣਾ ਦੋਸ਼ ਵੀ ਹੈ, ਉਥੇ ਉਨ੍ਹਾਂ ਦੇ ਅਧਿਆਪਕ ਅਤੇ ਮਾਤਾ-ਪਿਤਾ ਵੀ ਸ਼ਾਮਲ ਹਨ। ਪਰ ਫਿਰ ਵੀ ਬਹੁਤ ਸਾਰੇ ਨੌਜਵਾਨਾਂ ਅੰਦਰ ਸੁਹਣੀ ਦਸਤਾਰ ਬੰਨ੍ਹਣ ਦਾ ਇਕ ਜਨੂੰਨ ਦੇਖਿਆ ਜਾ ਸਕਦਾ ਹੈ ਕਿ ਕਿਸ ਤਰ੍ਹਾਂ ਉਹ ਸੁਹਣੀ ਦਸਤਾਰ ਬੰਨ੍ਹਣ ਲਈ ਕੀ ਕੁਝ ਕਰਦੇ ਹਨ।

ਪੁਰਾਣੇ ਰਿਸ਼ੀ-ਮੁਨੀ, ਵਿਦਵਾਨ ਅਤੇ ਧਾਰਮਿਕ ਆਗੂਆਂ ਵਿਚ ਕੇਸ-ਦਾੜ੍ਹੀ ਅਤੇ ਦਸਤਾਰ ਦੀ ਰੀਤ ਸੀ ਜੋ ਹੁਣ ਤਕ ਚਲੀ ਆ ਰਹੀ ਹੈ। ਪੰਜਾਬੀ ਦੇ ਮੋਢੀ ਕਿੱਸਾਕਾਰ ਦਮੋਦਰ ਨੇ ਆਪਣੀ 'ਹੀਰ' ਅੰਦਰ ਪੱਗ ਦਾ ਜ਼ਿਕਰ ਕੀਤਾ ਹੈ— "ਜਣੇ ਖਣੇ ਨੂੰ ਪਗੜੀ, ਮੰਗਤੇ ਇੱਕ ਇੱਕ ਖੇਸ ਦਿਵਾਏ।" ਕਵੀ ਨਜਾਬਤ ਨੇ 'ਨਾਦਰ ਸ਼ਾਹ ਦੀ ਵਾਰ' ਵਿਚ ਵੀ ਪੱਗ ਦਾ ਉਲੇਖ ਕੀਤਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਮੁਸਲਮਾਨਾਂ ਅੰਦਰ ਪੱਗਾਂ ਦੀ ਰੀਤ ਸੀ। ਇਕ ਪੁਰਾਣਾ ਅਖਾਣ ਹੈ ਕਿ ਜੇਕਰ ਕਿਸੇ ਵਿਅਕਤੀ ਦੀ ਪਹਿਚਾਣ ਕਰਨੀ ਹੋਵੇ ਤਾਂ ਉਸ ਵਿਅਕਤੀ ਦੀ 'ਰਫ਼ਤਾਰ, ਦਸਤਾਰ ਅਤੇ ਗੁਫ਼ਤਾਰ' ਤੋਂ ਕੀਤੀ ਜਾ ਸਕਦੀ ਹੈ।

ਭਾਵੇਂ ਕਿ ਪੱਗ ਬੰਨ੍ਹਣ ਦੀ ਸ਼ੁਰੂਆਤ ਬਹੁਤ ਪਹਿਲਾਂ ਹੋ ਚੁਕੀ ਸੀ। ਸਿੱਖ ਧਰਮ ਵਿਚ ਇਹ ਪਹਿਲੇ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਬੰਨ੍ਹੀ ਜਾਂਦੀ ਰਹੀ ਹੈ। ਪਰ ਫਿਰ ਵੀ ਸਿੱਖਾਂ ਵਿਚ ਇਸ ਨੂੰ ਸਿੱਖ ਰਹਿਤ ਮਰਯਾਦਾ ਦਾ ਅਨਿੱਖੜ ਹਿੱਸਾ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਇਆ। ਉਨ੍ਹਾਂ ਨੇ ੧੬੯੯ ਈ. ਨੂੰ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਚ

*\#ਸ਼ਹੀਦ ਭਗਤ ਸਿੰਘ ਨਗਰ, ਨਾਨਕਸਰ ਰੋਡ, ਬਰਨਾਲਾ -੧੪੮੧੦੧.*

ਖਾਲਸੇ ਦੇ ਜਨਮ ਸਮੇਂ ਸਿੱਖਾਂ ਦੀ ਪਹਿਚਾਣ ਕੇਸਾਂ ਲਈ ਦਸਤਾਰ (ਪੱਗ) ਲਾਜ਼ਮੀ ਕਰ ਦਿੱਤੀ। ਉਸ ਤੋਂ ਬਾਅਦ ਹਰ ਸਿੱਖ ਲਈ ਪੱਗ ਬੰਨ੍ਹਣਾ ਲਾਜ਼ਮੀ ਹੋ ਗਿਆ। ਮੁਗ਼ਲ ਰਾਜ ਸਮੇਂ ਮੁਸਲਮਾਨਾਂ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਨੂੰ ਪੱਗ ਬੰਨ੍ਹਣ ਦਾ ਅਧਿਕਾਰ ਨਹੀਂ ਸੀ। ਪੱਗ ਨੂੰ ਸਿੱਖ ਧਰਮ ਵਿਚ 'ਦਸਤਾਰ' ਦਾ ਨਾਮ ਦਿੱਤਾ ਗਿਆ ਹੈ ਜਿਸ ਨੂੰ ਸਰਦਾਰੀ ਸਮਝਿਆ ਗਿਆ ਹੈ। ਪੱਗ ਕਿਸੇ ਵਿਅਕਤੀ ਦੀ ਇੱਜ਼ਤ ਹੁੰਦੀ ਹੈ, ਜਿਸ ਦੇ ਸਿਰ ਉੱਤੇ ਪੱਗ ਨਹੀਂ, ਉਸ ਦੀ ਇੱਜ਼ਤ ਵੀ ਨਹੀਂ। ਇਸ ਗੱਲ ਦਾ ਪ੍ਰਮਾਣ ਸਾਡੇ ਅਮੀਰ ਸੱਭਿਆਚਾਰ ਵਿੱਚੋਂ ਵੀ ਮਿਲਦਾ ਹੈ ਜਿਵੇਂ ਕੁਝ ਮੁਹਾਵਰੇ ਆਮ ਸੁਣਨ ਵਿਚ ਆਉਂਦੇ ਹਨ: 'ਮੇਰੀ ਪੱਗ ਨਾ ਰੋਲੀਂ'', 'ਪੱਗ 'ਤੇ ਦਾਗ਼ ਨਾ ਲੱਗਣ ਦੇਵੀਂ'', 'ਪੱਗ ਦੀ ਲਾਜ ਰੱਖੀਂ'', 'ਪੱਗ ਨਾ ਲਹਿਣ ਦਈਂ'' ਆਦਿ। ਪੈਰਾਂ ਵਿਚ ਪੱਗ ਰੱਖਣ ਨੂੰ ਮੁਆਫ਼ੀ ਮੰਗਣ ਦਾ ਅਹਿਸਾਸ ਸਮਝਿਆ ਜਾਂਦਾ ਹੈ। ਸਿਰ 'ਤੇ ਪੱਗ ਰੱਖਣ ਨੂੰ ਇੱਜ਼ਤ ਰੱਖੀ ਸਮਝਿਆ ਜਾਂਦਾ ਹੈ। ਇਕ ਪ੍ਰਸਿੱਧ ਗੀਤ ਜੋ ਕਵੀ ਲਾਲਾ ਬਾਂਕੇ ਦਿਆਲ ਨੇ ਲਿਖਿਆ ਹੈ, "ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ" ਉਸ ਗੀਤ ਤੋਂ ਪੱਗ ਇੱਜ਼ਤ ਜਾਂ ਸਰਦਾਰੀ ਦੇ ਪ੍ਰਤੀਕ ਹੋਣ ਦਾ ਪ੍ਰਤੱਖ ਪ੍ਰਮਾਣ ਮਿਲਦਾ ਹੈ।

ਸਿੱਖ ਧਰਮ ਤੋਂ ਬਿਨਾਂ ਹੋਰ ਬਹੁਤ ਸਾਰੇ ਧਰਮਾਂ ਵਿਚ ਪੱਗ ਬੰਨ੍ਹਣ ਦਾ ਰਿਵਾਜ ਹੈ। ਇਨ੍ਹਾਂ ਧਰਮਾਂ ਵਿੱਚੋਂ ਸਭ ਤੋਂ ਪਹਿਲਾਂ ਮੁਸਲਮਾਨ ਧਰਮ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿਉਂਕਿ ਸਿੱਖਾਂ ਤੋਂ ਬਾਅਦ ਜੇਕਰ ਅੱਜ ਕੋਈ ਹੋਰ ਧਰਮ ਵਾਲਾ ਬੰਦਾ ਪੱਗ ਬੰਨ੍ਹਦਾ ਹੈ ਤਾਂ ਉਹ ਮੁਸਲਮਾਨ ਧਰਮ ਦਾ ਹੀ ਹੈ। ਭਾਵੇਂ ਇਹ ਵੱਖਰੀ ਗੱਲ ਹੈ ਕਿ ਉਹ ਪੱਗ ਸਿੱਖਾਂ ਜਿੰਨੀ ਰੀਝ ਨਾਲ ਨਹੀਂ ਬੰਨ੍ਹਦੇ ਪਰ ਬੰਨ੍ਹਦੇ ਜ਼ਰੂਰ ਹਨ। ਮੁਸਲਮਾਨਾਂ ਦੇ ਹਜ਼ਰਤ ਮੁਹੰਮਦ ਸਾਹਿਬ ਆਪ ਖ਼ੁਦ ਪੱਗ ਬੰਨ੍ਹਦੇ ਹੀ ਨਹੀਂ ਸਨ ਸਗੋਂ ਪੱਗਾਂ ਦਾ ਵਪਾਰ ਵੀ ਕਰਦੇ ਸਨ। ਅਰਬ ਦੇਸ਼ਾਂ ਦੇ ਮੁਸਲਮਾਨ ਇਸ ਨੂੰ ਤਾਜ ਕਹਿੰਦੇ ਹਨ। ਕਈ ਮੁਸਲਮਾਨ ਜਦੋਂ ਆਪਣੇ ਬਾਦਸ਼ਾਹਾਂ ਨੂੰ ਦਫਨ ਕਰਦੇ ਸਨ ਤਾਂ ਉਨ੍ਹਾਂ ਦੀਆਂ ਕਬਰਾਂ ਵਿਚ ਪੱਗਾਂ ਵੀ ਰੱਖੀਆਂ ਜਾਂਦੀਆਂ ਸਨ। ਪਾਕਿਸਤਾਨ ਦੇ ਮੁਸਲਮਾਨ ਨੇਤਾ ਅੱਜ ਵੀ ਪੱਗ ਬੰਨ੍ਹਦੇ ਹਨ। ਜਦੋਂ ਮੁਸਲਮਾਨ ਹੱਜ 'ਤੇ ਜਾਂਦੇ ਹਨ ਤਾਂ ਪੱਗ ਬੰਨ੍ਹ ਕੇ ਜਾਣਾ ਉਹ ਚੰਗਾ ਸਮਝਦੇ ਹਨ। ਮੁਸਲਮਾਨ ਤੋਂ ਇਲਾਵਾ ਹਿੰਦੂ ਵੀ ਪੱਗ ਨੂੰ ਚੰਗਾ ਸਮਝ ਕੇ ਬੰਨ੍ਹਦੇ ਰਹੇ ਹਨ। ਐਪਰ ਹੁਣ ਉਨ੍ਹਾਂ ਦੀ ਗਿਣਤੀ ਵਧੇਰੇ ਨਹੀਂ ਹੈ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਨੂੰ ਧਿਆਨ ਵਿਚ ਰੱਖਦੇ ਹੋਇਆਂ ਪੰਡਤ ਮਦਨ ਮੋਹਨ ਮਾਲਵੀਆ ਨੇ ਇਕ ਨਾਅਰਾ ਲਗਾਇਆ ਕਿ ਹਰ ਇਕ ਹਿੰਦੂ ਪਰਵਾਰ ਆਪਣਾ ਇਕ ਪੁੱਤਰ ਸਿੱਖ ਬਣਾਏ। ਇਸ ਦੀ ਸ਼ੁਰੂਆਤ ਪੰਡਤ ਜੀ ਨੇ ਆਪਣੇ ਪਰਵਾਰ ਤੋਂ ਹੀ ਕੀਤੀ। ਬੇਸ਼ੱਕ ਹੁਣ ਇਹ ਘੱਟ ਹੋ ਗਿਆ ਹੈ ਪਰ ਸ਼ੁਰੂ ਵਿਚ ਇਸ ਨਾਅਰੇ 'ਤੇ ਬਹੁਤ ਸਾਰੇ ਹਿੰਦੂਆਂ ਨੇ ਅਮਲ ਵੀ ਕੀਤਾ ਹੈ। ਅੱਜ ਜਦੋਂ ਵੀ ਕਿਸੇ ਹਿੰਦੂ ਪਰਵਾਰ ਵਿਚ ਵਿਆਹ ਹੁੰਦਾ ਹੈ ਤਾਂ ਲਾੜੇ ਦੇ ਸਿਰ 'ਤੇ ਪੱਗ ਜ਼ਰੂਰ ਸਜਾਈ ਜਾਂਦੀ ਹੈ। (ਬੇਸ਼ੱਕ ਹੁਣ ਇਹ ਟੋਪੀ ਦੀ ਤਰ੍ਹਾਂ ਹੀ ਰਹਿ ਗਈ ਹੈ।) ਇਸ ਸ਼ੁਭ-ਅਵਸਰ 'ਤੇ ਹੋਰ ਪ੍ਰਮੁੱਖ ਰਿਸ਼ਤੇਦਾਰ ਵੀ ਪੱਗ ਬੰਨ੍ਹਣੀ ਜ਼ਰੂਰੀ ਸਮਝਦੇ ਹਨ। ਹਿੰਦੂ ਧਰਮ ਵਿਚ ਪਿਤਾ ਦੇ ਮਰਨ ਤੋਂ ਬਾਅਦ ਪੱਗ ਬੰਨ੍ਹਣ ਦੀ ਰਸਮ ਕੀਤੀ ਜਾਂਦੀ ਹੈ। ਇਹ ਘਰ ਦੇ ਵੱਡੇ ਪੁੱਤਰ ਨੂੰ ਬੰਨ੍ਹਾਈ ਜਾਂਦੀ ਹੈ। ਰਾਜਸਥਾਨੀ ਰਾਜਪੂਤ ਪੱਗ ਬੰਨ੍ਹਣ ਨੂੰ ਆਪਣੀ ਟੌਹਰ ਸਮਝਦੇ ਹਨ। ਅੱਜ ਪੰਜਾਬੀਆਂ ਤੋਂ ਬਾਅਦ ਇਨ੍ਹਾਂ ਵਿਚ ਜ਼ਿਆਦਾਤਰ

ਲੋਕ ਪੱਗ ਬੰਨ੍ਹਦੇ ਹਨ। ਇਸ ਤੋਂ ਬਿਨਾਂ ਹਰਿਆਣੇ ਦੇ ਲੋਕਾਂ (ਜਾਟ) ਵਿਚ ਵੀ ਪੱਗ ਬੰਨ੍ਹਣ ਦੀ ਰੀਤ ਹੈ। ਮਲੇਸ਼ੀਆ ਦੇ ਰਾਜੇ ਆਪਣੀ ਪੁਸ਼ਾਕ ਵਿਚ ਪੱਗ ਨੂੰ ਵੀ ਸ਼ਾਮਿਲ ਕਰਦੇ ਸਨ।

ਪੱਗ ਨੂੰ ਪੰਜਾਬੀ ਵਿਚ 'ਸਾਫ਼ਾ, ਪੱਗੜੀ ਜਾਂ ਦਸਤਾਰ' ਆਖਿਆ ਜਾਂਦਾ ਹੈ। ਫ਼ਾਰਸੀ ਵਿਚ 'ਦੁਲਬੰਦ', ਤੁਰਕੀ ਵਿਚ 'ਤਾਰਬੁਸ਼' ਆਖਿਆ ਜਾਂਦਾ ਹੈ। ਅਸਲ ਵਿਚ ਪੰਜਾਬੀ ਦਾ ਸ਼ਬਦ ਦਸਤਾਰ, ਦੁਲਬੰਦ ਤੋਂ ਅਤੇ ਦੁਲਬੰਦ, ਤਾਰਬੁਸ਼ ਤੋਂ ਪੈਦਾ ਹੋਇਆ ਹੈ। ਇਸ ਨੂੰ ਅੰਗਰੇਜ਼ੀ ਵਿਚ 'ਟਰਬਨ', ਫਰਾਂਸੀਸੀ ਵਿਚ 'ਟਬੰਦ', ਜਰਮਨੀ, ਸਪੇਨ, ਪੁਰਤਗੇਜ਼ੀ, ਇਤਾਲਵੀ ਵਿਚ 'ਟਰਬਾਂਦੇ', ਰੁਮਾਨੀ ਵਿਚ 'ਤੂਲੀਪਾਨ', ਈਰਾਨੀ ਵਿਚ 'ਸੁਰਬੰਦ' ਅਤੇ ਮਲਾਈ ਵਿਚ 'ਸਰਬਾਨ' ਆਖਿਆ ਜਾਂਦਾ ਹੈ।

ਪੁਰਾਣੇ ਸਮੇਂ ਵਿਚ ਨੰਗੇ ਸਿਰ ਵਾਲੇ ਨੂੰ ਮਾੜਾ ਸਮਝਿਆ ਜਾਂਦਾ ਸੀ ਜਿਸ ਦਾ ਪ੍ਰਮਾਣ ਭਾਈ ਗੁਰਦਾਸ ਜੀ ਦੀ ਬੱਤੀਵੀਂ ਵਾਰ ਵਿੱਚੋਂ ਮਿਲਦਾ ਹੈ। ਸਾਡੇ ਦੇਸ਼ ਵਿਚ ਸਿਰ ਦੀ ਰਾਖੀ ਲਈ ਪੱਗ ਬੰਨ੍ਹੀ ਜਾਂਦੀ ਸੀ। ਟੋਪੀ ਦੀ ਵਰਤੋਂ ਵੀ ਸਿਰ ਢੱਕਣ ਲਈ ਕੀਤੀ ਜਾਂਦੀ ਹੈ। ਬਾਵਾ ਬੁੱਧ ਸਿੰਘ ਜੋ ਪੰਜਾਬੀ ਦੇ ਪ੍ਰਸਿੱਧ ਲੇਖਕ ਸਨ ਨੇ ਆਪਣੀ ਪੁਸਤਕ 'ਬੰਬੀਹਾ ਬੋਲ' ਵਿਚ ਟੋਪੀ ਨੂੰ ਗੁਲਾਮੀ ਦੀ ਨਿਸ਼ਾਨੀ ਦੱਸਿਆ ਹੈ।

ਦਸਤਾਰ ਲਈ ਸੰਘਰਸ਼ ਦੀ ਗੱਲ ਕਰੀਏ ਤਾਂ ਸਭ ਤੋਂ ਵੱਧ ਸੰਘਰਸ਼ ਸਿੱਖਾਂ ਨੇ ਹੀ ਕੀਤਾ ਹੈ ਅਤੇ ਕਰ ਰਹੇ ਹਨ। ਸ਼ੁਰੂ ਤੋਂ ਭਾਵ ੧੬ਵੀਂ ਸਦੀ ਤੋਂ ਲੈ ਕੇ ਅੱਜ ਵੀ ਜੋ ਕਿਸੇ ਹੱਦ ਤਕ ਜਾਰੀ ਹੈ। ਸਿੱਖਾਂ ਨੂੰ ਇਹ ਸੰਘਰਸ਼ ਕਰਨਾ ਪਿਆ ਹੈ। ਸਭ ਤੋਂ ਪਹਿਲਾ ਸੰਘਰਸ਼ ਮੁਗ਼ਲ ਰਾਜ ਨਾਲ ਸੀ ਕਿਉਂਕਿ ਮੁਸਲਮਾਨ ਦਸਤਾਰ ਬੰਨ੍ਹਣ ਦਾ ਅਧਿਕਾਰ ਸਿਰਫ਼ ਆਪਣਾ ਸਮਝਦੇ ਸਨ। ਉਨ੍ਹਾਂ ਅਨੁਸਾਰ ਰਾਜ ਕਰਨ ਵਾਲੀ ਕੌਮ ਹੀ ਪੱਗ ਬੰਨ੍ਹਣ ਦੀ ਅਧਿਕਾਰੀ ਹੈ। ਪਰ ਸਿੱਖ ਗੁਰੂ ਸਾਹਿਬਾਨ ਨੇ ਉਨ੍ਹਾਂ ਦਾ ਭਰਮ ਤੋੜ ਦਿੱਤਾ ਜਿਸ ਲਈ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਮੁਗ਼ਲਾਂ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ। ਬਾਬਾ ਖੜਕ ਸਿੰਘ ਨੂੰ ਜੇਲ੍ਹ ਅੰਦਰ ਵੀ ਦਸਤਾਰ ਲਈ ਅੰਗਰੇਜ਼ ਸਰਕਾਰ ਨਾਲ ਸੰਘਰਸ਼ ਕਰਨਾ ਪਿਆ। ਵਿਦੇਸ਼ ਵਿਚ ਵੀ ਸਿੱਖਾਂ ਨੂੰ ਦਸਤਾਰ ਲਈ ਕਈ ਮੋਰਚੇ ਲਗਾਉਣੇ ਪਏ।

ਸਾਡੇ ਦੇਸ਼ ਦੇ ਸਿੱਖ ਫੌਜੀਆਂ ਨੂੰ ਦੂਜੇ ਵਿਸ਼ਵ ਯੁੱਧ ਵਿਚ ਇਸ ਸਬੰਧੀ ਅੰਗਰੇਜ਼ਾਂ ਨਾਲ ਦੋ ਹੱਥ ਕਰਨੇ ਪਏ। ਜਦੋਂ ਉਨ੍ਹਾਂ ਨੇ ਸਿੱਖ ਫੌਜੀਆਂ ਨੂੰ ਗੋਲੀਆਂ ਤੋਂ ਬਚਣ ਲਈ ਦਸਤਾਰ ਦੀ ਥਾਂ 'ਤੇ ਹੈਲਮਟ ਪਾਉਣ ਦੀ ਹਦਾਇਤ ਕੀਤੀ ਪਰ ਅਸ਼ਕੇ ਉਨ੍ਹਾਂ ਸਿੱਖ ਫੌਜੀਆਂ ਦੇ ਜਿਨ੍ਹਾਂ ਨੇ ਅੰਗਰੇਜ਼ਾਂ ਦੀ ਇਹ ਹਦਾਇਤ ਨੂੰ ਠੁਕਰਾ ਦਿੱਤਾ। ਜਦੋਂ ਅੰਗਰੇਜ਼ ਅਧਿਕਾਰੀਆਂ ਨੇ ਆਖਿਆ ਕਿ ਅਜਿਹਾ ਨਾ ਕਰਨ 'ਤੇ ਜ਼ਿਆਦਾ ਸਿੱਖ ਫੌਜੀਆਂ ਦਾ ਨੁਕਸਾਨ ਹੋਵੇਗਾ ਅਤੇ ਸਰਕਾਰ ਉਨ੍ਹਾਂ ਦੇ ਇਸ ਨੁਕਸਾਨ ਨੂੰ ਪੂਰਾ ਕਰਨ ਦੇ ਅਸਮਰੱਥ ਹੋਵੇਗੀ ਤਾਂ ਇਨ੍ਹਾਂ ਸਿੱਖ ਫੌਜੀਆਂ ਨੇ ਸਰਬਸੰਮਤੀ ਨਾਲ ਸਰਕਾਰ ਨੂੰ ਲਿਖ ਕੇ ਦਿੱਤਾ ਕਿ ਜੇਕਰ ਕਿਸੇ ਸਿੱਖ ਫੌਜੀ ਨੂੰ ਸਿਰ ਤੋਂ ਨੁਕਸਾਨ ਹੋਵੇ (ਭਾਵ ਸਿਰ 'ਚ ਗੋਲੀ ਵੱਜ ਕੇ) ਤਾਂ ਉਹ ਨੁਕਸਾਨ ਪੂਰਤੀ ਜਾਂ ਪੈਨਸ਼ਨ ਦੇ ਅਧਿਕਾਰੀ ਨਹੀਂ ਹੋਣਗੇ। ਸੰਨ ੧੯੮੪ ਦੇ ਦੰਗਿਆਂ ਵਿਚ ਵੀ ਸਿੱਖਾਂ ਨੂੰ ਉਨ੍ਹਾਂ ਦੀ ਦਸਤਾਰ ਲਈ ਪਰਖ ਦੀ ਘੜੀ ਵਿੱਚੋਂ ਦੀ ਲੰਘਣਾ ਪਿਆ। ਉਸ ਤੋਂ ਬਾਅਦ ਵੀ ਉਨ੍ਹਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਿਆ। ਇਸ ਤੋਂ ਇਲਾਵਾ ਇੰਗਲੈਂਡ ਦੇ ਸ਼ਹਿਰ ਵੁਲਵਰਹੈਂਪਟਨ

ਵਿਚ ਇਕ ਸਿੱਖ ਬੱਚੇ ਕੁਲਵਿੰਦਰ ਸਿੰਘ ਨੂੰ ਆਪਣੀ ਦਸਤਾਰ ਲਈ ਸਕੂਲ ਅਧਿਕਾਰੀਆਂ ਨਾਲ ਦੋ-ਚਾਰ ਹੋਣਾ ਪਿਆ। ਪਰ ਅੰਤ ਉਹ ਜਿੱਤ ਗਿਆ। ਹਵਾਈ ਜਹਾਜ਼ ਦੇ ਸਫਰ ਕਰਨ ਲਈ ਸਿੱਖਾਂ ਨੂੰ ਸੰਘਰਸ਼ ਵਿੱਚੋਂ ਲੰਘਣਾ ਪਿਆ। ਜਦੋਂ ਮੋਟਰ ਸਾਈਕਲ, ਸਕੂਟਰ ਭਾਵ ਦੋ ਪਹੀਆ ਵਾਹਨ ਚਲਾਉਣ ਲਈ ਹੈਲਮਟ ਜ਼ਰੂਰੀ ਕੀਤਾ ਤਾਂ ਉਸ ਸਮੇਂ ਵਿਸ਼ਵ-ਭਰ ਦੇ ਸਿੱਖਾਂ ਨੂੰ ਦਸਤਾਰ ਲਈ ਸੰਘਰਸ਼ ਕਰਨਾ ਪਿਆ। ਇੰਗਲੈਂਡ ਵਿਚ ਸਿੱਖਾਂ ਦੀ ਦਸਤਾਰ ਲਈ ਚੱਲੇ ਸੰਘਰਸ਼ ਵਿਚ ਉਥੋਂ ਦੇ ਐਮ.ਪੀ. ਮਿਸਟਰ ਚਰਚਿਲ, ਲਾਰਡ ਮੋਬਰੇ ਨੇ ਸਿੱਖਾਂ ਲਈ ਦਸਤਾਰ ਦੀ ਮਹੱਤਤਾ ਦੱਸਦੇ ਹੋਏ ਸਿੱਖਾਂ ਦੀ ਪੂਰੀ ਵਕਾਲਤ ਕੀਤੀ। ਇਸ ਤੋਂ ਬਿਨਾਂ ਫੌਜ ਅੰਦਰ ਭਰਤੀ ਹੋਣ ਲਈ ਵੀ ਦਸਤਾਰਾਂ ਵਾਲੇ ਅਤੇ ਸਿੱਖਾਂ ਲਈ ਸੰਘਰਸ਼ ਹੋਇਆ। ਕੈਨੇਡਾ ਅੰਦਰ ਤਾਂ ਸ. ਗੁਰਬਖਸ਼ ਸਿੰਘ (ਮੱਲ੍ਹੀ) ਜੋ ਖੁਦ ਦਸਤਾਰ ਬੰਨ੍ਹਦਾ ਹੈ ਦਾ ਕੈਨੇਡਾ ਦੀ ਪਾਰਲੀਮੈਂਟ ਵਿਚ ਵਿਸ਼ੇਸ਼ ਸਤਿਕਾਰ ਕੀਤਾ ਜਾਂਦਾ ਹੈ। ਹੁਣ ਤਕ ਦੇ ਇਨ੍ਹਾਂ ਸਾਰੇ ਸੰਘਰਸ਼ਾਂ ਵਿਚ ਜਿੱਤ ਹਮੇਸ਼ਾਂ ਸਿੱਖਾਂ ਦੀ ਦਸਤਾਰ ਦੀ ਹੀ ਹੋਈ ਹੈ।

ਐਨੇ ਸੰਘਰਸ਼ ਕਰਨ ਦੇ ਬਾਵਜੂਦ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਸਿੱਖਾਂ ਅਤੇ ਉਨ੍ਹਾਂ ਦੀਆਂ ਦਸਤਾਰਾਂ ਦਾ ਬਣਦਾ ਸਤਿਕਾਰ ਕੀਤਾ ਗਿਆ। ਇਹ ਸਮਾਂ ਸੀ ਮਹਾਰਾਜਾ ਰਣਜੀਤ ਸਿੰਘ ਦਾ ਜਿਸ ਦੇ ਰਾਜ ਵਿਚ ਹਰ ਧਰਮ, ਵਿਅਕਤੀ, ਇਸਤਰੀਆਂ, ਨੌਜਵਾਨਾਂ ਤੇ ਬੱਚਿਆਂ ਨੇ ਗੱਲ ਕੀ ਹਰ ਕਿਸੇ ਨੇ ਸੁਖ ਦਾ ਸਾਹ ਲਿਆ। ਮਹਾਰਾਜਾ ਰਣਜੀਤ ਸਿੰਘ ਜੋ ਆਪ ਵੀ ਬੇਹੱਦ ਸੁਹਣੀ ਦਸਤਾਰ ਬੰਨ੍ਹਦੇ ਸਨ। ਆਪਣੇ ਰਾਜ ਵਿਚ ਹਮੇਸ਼ਾਂ ਹੀ ਦਸਤਾਰਾਂ ਵਾਲੇ ਵਿਅਕਤੀਆਂ ਦਾ ਸਤਿਕਾਰ ਕਰਦੇ ਸਨ। ਉਨ੍ਹਾਂ ਦੀ ਆਪਣੀ ਫੌਜ ਅੰਦਰ ਬਹੁਗਿਣਤੀ ਫੌਜੀ ਅਧਿਕਾਰੀ ਅਤੇ ਸਿਪਾਹੀ ਦਸਤਾਰਾਂ ਵਾਲੇ ਹੀ ਸਨ। ਬੇਸ਼ੱਕ ਉਹ ਸਿੱਖ ਸਨ ਜਾਂ ਹੋਰ ਧਰਮ ਦੇ ਇਹ ਫੌਜੀ ਅਤੇ ਅਧਿਕਾਰੀ ਆਪਣੀ ਖੁਸ਼ੀ ਨਾਲ ਹੀ ਦਸਤਾਰਾਂ ਬੰਨ੍ਹਦੇ ਸਨ। ਉਨ੍ਹਾਂ ਉੱਪਰ ਕੋਈ ਹੁਕਮ ਲਾਗੂ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ ਦਾ ਵੱਡਾ ਕਾਰਨ ਹੀ ਇਹ ਫੌਜੀ (ਦਸਤਾਰਾਂ ਵਾਲੇ) ਸਨ ਜੋ ਅਸਲ ਵਿਚ ਨਿਹੰਗ ਸਿੰਘ ਹੁੰਦੇ ਸੀ। ਉਸ ਦੀ ਫੌਜ ਦੇ ਦੋ ਵੱਡੇ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਅਤੇ ਅਕਾਲੀ ਬਾਬਾ ਫੂਲਾ ਸਿੰਘ ਦੋਵੇਂ ਦਸਤਾਰਾਂ ਵਾਲੇ ਸਨ। ਇਸ ਤੋਂ ਬਿਨਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅੰਦਰ ਅਕਸਰ ਮਹਾਰਾਜਾ ਖੁਦ ਆਪ ਦਸਤਾਰ ਬੰਨ੍ਹਣ ਦੇ ਮੁਕਾਬਲੇ ਕਰਵਾਉਂਦੇ ਅਤੇ ਸੁਹਣੀ ਦਸਤਾਰ ਬੰਨ੍ਹਣ ਵਾਲੇ ਨੂੰ ਇਨਾਮ ਦੇ ਕੇ ਖੁਸ਼ੀ ਪ੍ਰਾਪਤ ਕਰਦੇ ਸਨ। ਉਸ ਅਨੁਸਾਰ ਦਸਤਾਰ ਜਦ ਇਕ ਵਾਰੀ ਉਤਾਰ ਦਿੱਤੀ ਜਾਵੇ ਤਾਂ ਦੂਜੀ ਵਾਰ ਦੁਬਾਰਾ ਬੰਨ੍ਹਣੀ ਚਾਹੀਦੀ ਹੈ ਕਿਉਂਕਿ ਇਹ ਟੋਪੀ ਦੀ ਤਰ੍ਹਾਂ ਨਹੀਂ ਸਗੋਂ ਉਸ ਤੋਂ ਵੱਖ ਹੈ। ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਨੇ ਆਪਣੀਆਂ ਕੋਝੀਆਂ ਚਾਲਾਂ ਨਾਲ ਦਸਤਾਰ ਬੰਨ੍ਹਣ ਤੋਂ ਦੂਰ ਰੱਖਿਆ। ਫਿਰ ਵੀ ਉਹ ਉਸ ਅੰਦਰ ਦਸਤਾਰ ਲਈ ਲਗਾਉ ਨੂੰ ਖਤਮ ਕਰਨ ਵਿਚ ਅਸਫ਼ਲ ਰਹੇ।

ਸਭ ਤੋਂ ਵੱਖ ਅਤੇ ਅਨੋਖੀ ਚੀਜ਼ ਜੋ ਸਿੱਖ ਧਰਮ ਤੋਂ ਬਿਨਾਂ ਹੋਰ ਕਿਸੇ ਵੀ ਧਰਮ ਵਿਚ ਦੇਖੀ ਨਹੀਂ ਜਾ ਸਕਦੀ ਉਹ ਇਹ ਹੈ ਕਿ ਸਿੱਖ ਧਰਮ ਵਿਚ ਜਿਥੇ ਦਸਤਾਰ ਮਰਦ ਬੰਨ੍ਹਦੇ ਹਨ,

*(ਬਾਕੀ ਸਫ਼ਾ ੨੦ 'ਤੇ)*

# ਦਸਤਾਰ

*–ਡਾ. ਗੁਰਮਖ ਸਿੰਘ**

ਲੰਮੇ ਸਮੇਂ ਤੋਂ ਪਗੜੀ ਭਾਰਤੀ ਲੋਕਾਂ ਦੇ ਪਹਿਰਾਵੇ ਦਾ ਅੰਗ ਰਹੀ ਹੈ। ਪੌਰਾਣਿਕ ਕਾਲ ਵਿਚ ਰਾਜੇ-ਮਹਾਰਾਜੇ ਪਗੜੀ ਧਾਰਨ ਕਰਦੇ ਸਨ ਜੋ ਉਨ੍ਹਾਂ ਦੀ ਸ਼ਾਨ ਤੇ ਉੱਚਤਾ ਦੀ ਨਿਸ਼ਾਨੀ ਮੰਨੀ ਜਾਂਦੀ ਸੀ। ਯੱਗ ਕਰਨ ਵੇਲੇ ਪ੍ਰੋਹਿਤ ਅਤੇ ਜਜਮਾਨ ਦੋਵਾਂ ਲਈ ਪਗੜੀ ਧਾਰਨ ਕਰਨੀ ਲਾਜ਼ਮੀ ਸੀ। ਇਸ ਤੋਂ ਸਿੱਧ ਹੁੰਦਾ ਹੈ ਕਿ ਧਾਰਮਿਕ ਕਾਰਜਾਂ ਵਿਚ ਪਗੜੀ ਦਾ ਮਹੱਤਵ ਸੀ। ਰਾਜੇ-ਮਹਾਰਾਜੇ ਪਗੜੀ ਉੱਪਰ ਸੋਨੇ ਦਾ ਬਣਿਆ ਇਕ ਪਟਾ ਬੰਨ੍ਹਦੇ ਸਨ ਜੋ ਉਨ੍ਹਾਂ ਨੂੰ ਆਮ ਲੋਕਾਂ ਨਾਲੋਂ ਵੱਖਰਿਆਉਂਦਾ ਸੀ। ਇਉਂ ਅਨੰਤ ਕਾਲ ਤੋਂ ਪਗੜੀ ਦਾ ਮਨੁੱਖ ਨਾਲ ਸੰਬੰਧ ਚਲਿਆ ਆਉਂਦਾ ਹੈ।

ਸਾਮੀ ਦੇਸ਼ਾਂ ਦੇ ਵਾਸੀ ਵੀ ਪਗੜੀ ਧਾਰਨ ਕਰਦੇ ਸਨ ਅਤੇ ਅੱਜ ਵੀ ਉਨ੍ਹਾਂ ਨੂੰ ਪਗੜੀਧਾਰੀ ਵਜੋਂ ਦੇਖਿਆ ਜਾ ਸਕਦਾ ਹੈ। ਮੁਸਲਮਾਨ ਅਮੀਰ, ਵਜ਼ੀਰ ਸਭ ਪਗੜੀ ਧਾਰਨ ਕਰਦੇ ਰਹੇ ਹਨ ਭਾਵੇਂ ਕਿ ਹੁਣ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਅਧੀਨ ਇਸ ਦਾ ਰਿਵਾਜ ਘਟ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਸਤਾਰ ਦਾ ਜ਼ਿਕਰ ਇਉਂ ਕੀਤਾ ਮਿਲਦਾ ਹੈ:

*ਕਾਇਆ ਕਿਰਦਾਰ ਅਉਰਤ ਯਕੀਨਾ॥ ਰੰਗ ਤਮਾਸੇ ਮਾਣਿ ਹਕੀਨਾ॥*
*ਨਾਪਾਕ ਪਾਕ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ॥*
*(ਪੰਨਾ ੧੦੮੪)*

ਸਿੱਖ ਧਰਮ ਵਿਚ ਦਸਤਾਰ ਦੀ ਪਰੰਪਰਾ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੋ ਗਈ ਸੀ। ਪੁਰਾਤਨ ਸਾਹਿਤ ਇਸ ਦਾ ਪਤਾ ਦਿੰਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਹੁਤ ਸੁੰਦਰ ਦਸਤਾਰ ਸਜਾਉਂਦੇ ਸਨ, ਜਿਸ ਬਾਰੇ ਉਨ੍ਹਾਂ ਦਾ ਸਮਕਾਲੀ ਢਾਡੀ ਲਿਖਦਾ ਹੈ ਤੇ ਉਹ ਸਤਿਗੁਰੂ ਜੀ ਦੀ ਪਗੜੀ ਨੂੰ ਜਹਾਂਗੀਰ ਦੀ ਪਗੜੀ ਨਾਲੋਂ ਵਧੀਆ ਮੰਨਦਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਗੜੀ ਬਾਦਸ਼ਾਹ ਦੀ ਪਗੜੀ ਨਾਲੋਂ ਕਿਉਂ ਚੰਗੀ ਸੀ? ਇਸ ਦੇ ਦੋ ਕਾਰਨ ਹਨ- ਪਹਿਲਾ, ਸਤਿਗੁਰੂ ਸਦੀਵੀ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੁਆਮੀ ਸਨ ਅਤੇ ਬੇਅੰਤ ਸ਼ਰਧਾਲੂ ਸਿੱਖ ਉਨ੍ਹਾਂ ਨੂੰ ਸੱਚਾ ਪਾਤਸ਼ਾਹ ਮੰਨਦੇ ਸਨ। ਉਨ੍ਹਾਂ ਨੂੰ ਆਪਣੇ ਮਨ ਦੇ ਤਖ਼ਤ ਉੱਪਰ ਸਤਿਕਾਰ ਸਹਿਤ ਬੈਠਾ ਕੇ ਸਮੇਂ ਦੇ ਬਾਦਸ਼ਾਹ ਨਾਲੋਂ ਕਿਤੇ ਵੱਧ ਸਨਮਾਨ ਦਿੰਦੇ ਸਨ। ਦੂਜਾ, ਗੁਰੂ ਜੀ ਦੀ ਦਸਤਾਰ ਬਾਦਸ਼ਾਹ ਦੀ ਦਸਤਾਰ ਵਾਂਗੂੰ ਕਿਸੇ ਦੀ ਬੰਨ੍ਹ ਕੇ ਸਿਰ ਉੱਪਰ ਨਹੀਂ ਸੀ ਰੱਖੀ ਹੁੰਦੀ ਸਗੋਂ ਸਤਿਗੁਰੂ ਆਪ ਸਜਾਉਂਦੇ ਸਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਮਗਰੋਂ ਕਲਗੀਧਰ ਪਾਤਸ਼ਾਹ ਤਕ ਸਾਰੇ ਗੁਰੂ ਸਾਹਿਬਾਨ ਨੇ ਸ਼ਾਹੀ ਠਾਠ-ਬਾਠ ਵਾਲਾ ਪਹਿਰਾਵਾ ਧਾਰਨ ਕੀਤਾ ਤੇ ਦਸਤਾਰ ਵੀ ਸਜਾਈ ਕਿਉਂਕਿ ਇਹ ਗੁਰੂ ਦੀ ਗੱਦੀ ਰੱਬੀ ਬਾਦਸ਼ਾਹਤ ਸੀ। ਦਸਮ ਪਾਤਸ਼ਾਹ ਜੀ ਨੇ ਸਿੱਖਾਂ ਨੂੰ ਅੰਮ੍ਰਿਤਪਾਨ ਕਰਵਾ

**ਦਸਮੇਸ਼ ਨਗਰ, ਪੁਲਿਸ ਲਾਇਨ ਰੋਡ, ਪਟਿਆਲਾ।*

ਕੇ ਖਾਲਸਾ ਬਣਾਇਆ ਤਾਂ ਕੇਸਾਂ ਦੀ ਸਾਂਭ-ਸੰਭਾਲ ਲਈ ਦਸਤਾਰ ਲਾਜ਼ਮੀ ਕਰ ਦਿੱਤੀ।

ਮੁਗ਼ਲ ਹਾਕਮ ਦਸਤਾਰ ਨੂੰ ਕੇਵਲ ਸ਼ਾਸਕ ਵਰਗ ਦਾ ਵਿਸ਼ੇਸ਼ ਅਧਿਕਾਰ ਮੰਨਦੇ ਸਨ, ਜਿਸ ਕਾਰਨ ਉਨ੍ਹਾਂ ਨੇ ਆਮ ਜਨਤਾ ਨੂੰ ਟੋਪੀ ਜਾਂ ਕੁਲ੍ਹਾ ਧਾਰਨ ਕਰਨ ਦਾ ਹੁਕਮ ਦਿੱਤਾ। ਦਸਤਾਰ ਸਰਦਾਰੀ ਦਾ ਪ੍ਰਤੀਕ ਸੀ ਤੇ ਹੈ। ਟੋਪੀ ਗ਼ੁਲਾਮੀ ਦੀ ਨਿਸ਼ਾਨੀ ਸੀ। ਸਿੱਖ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਪੈਰੋਕਾਰ ਮੁਗ਼ਲਾਂ ਦੀ ਗ਼ੁਲਾਮੀ ਨੂੰ ਮਨੋਂ ਪ੍ਰਵਾਨ ਨਹੀਂ ਸਨ ਕਰਦੇ ਜਿਸ ਕਾਰਨ ਉਨ੍ਹਾਂ ਨੂੰ ਸ਼ਾਹੀ ਹੁਕਮਾਂ ਦੀ ਉਲੰਘਣਾ ਕਰਕੇ ਪਗੜੀ ਧਾਰਨ ਕਰਨ ਲੱਗੇ ਜਿਸ ਕਾਰਨ ਉਨ੍ਹਾਂ ਨੇ ਦਸਤਾਰ ਨੂੰ ਧਾਰਮਿਕ ਚਿੰਨ੍ਹਾਂ ਵਾਂਗੂੰ ਲਾਜ਼ਮੀ ਸਵੀਕਾਰ ਕਰ ਲਿਆ ਸੀ।

ਕਲਗੀਧਰ ਪਾਤਸ਼ਾਹ ਨੇ ੧੬੯੯ ਈ. ਦੀ ਵਿਸਾਖੀ ਨੂੰ ਖਾਲਸੇ ਦੀ ਸਿਰਜਣਾ ਕੀਤੀ ਤੇ ਉਨ੍ਹਾਂ ਲਈ ਅੰਦਰਲੀ ਤੇ ਬਾਹਰਲੀ ਰਹਿਤ ਨਿਸਚਿਤ ਕੀਤੀ। ਬਾਅਦ ਵਿਚ ਹਜ਼ੂਰੀ ਸਿੱਖਾਂ ਨੇ ਤੇ ਸਮਾਂ ਪਾ ਕੇ ਸ਼ਰਧਾਲੂ ਸਿੱਖਾਂ ਨੇ ਰਹਿਤਨਾਮੇ ਲਿਖੇ ਜਿਨ੍ਹਾਂ ਵਿਚ ਦਸਤਾਰ ਧਾਰਨ ਕਰਨ ਬਾਰੇ ਬੜਾ ਸਪੱਸ਼ਟ ਲਿਖਿਆ ਹੈ। ■

---

*(ਸਫ਼ਾ ੧੮ ਦਾ ਬਾਕੀ ਹਿੱਸਾ)*

ਉਥੇ ਇਸ ਅੰਦਰ ਇਸਤਰੀਆਂ ਵੀ ਦਸਤਾਰ ਬੰਨ੍ਹਣ ਵਿਚ ਪਿੱਛੇ ਨਹੀਂ ਹਨ। ਸਿੱਖ ਇਤਿਹਾਸ ਅੰਦਰ ਇਸ ਗੱਲ ਦਾ ਵਿਸ਼ੇਸ਼ ਜ਼ਿਕਰ ਹੈ। ਇਥੇ ਇਸਤਰੀਆਂ ਨੂੰ ਮਰਦ ਬਰਾਬਰ ਸਨਮਾਨ ਪ੍ਰਾਪਤ ਹੈ ਤੇ ਉਹ ਮਰਦਾਂ ਦੀ ਤਰ੍ਹਾਂ ਦਸਤਾਰ ਵੀ ਬੰਨ੍ਹਦੀਆਂ ਹਨ। ਮਾਈ ਭਾਗੋ ਜੀ ਦਾ ਨਾਮ ਸਭ ਤੋਂ ਵਿਸ਼ੇਸ਼ ਹੈ ਜੋ ਬਹੁਤ ਹੀ ਵਧੀਆ ਦਸਤਾਰ ਸਜਾਉਂਦੀ ਸੀ। ਅੱਜ ਬੇਸ਼ੱਕ ਘੱਟ ਪਰ ਫਿਰ ਵੀ ਕਈ ਇਸਤਰੀਆਂ ਆਪਣੇ ਸਿਰ ਉੱਪਰ ਸੁੰਦਰ ਦਸਤਾਰ ਸਜਾਉਂਦੀਆਂ ਹਨ।

ਜਿਸ ਤਰ੍ਹਾਂ ਹਰ ਖੇਤਰ ਦਾ ਆਪਣਾ ਸੱਭਿਆਚਾਰਕ ਲੋਕ-ਨਾਚ ਹੁੰਦਾ ਹੈ ਇਸੇ ਤਰ੍ਹਾਂ ਪੰਜਾਬ ਦਾ ਲੋਕ-ਨਾਚ ਭੰਗੜਾ ਹੈ। ਹਰ ਲੋਕ-ਨਾਚ ਦੀ ਤਰ੍ਹਾਂ ਭੰਗੜੇ ਦੀ ਵੀ ਆਪਣੀ ਦਿਲਖਿੱਚਵੀਂ ਵਰਦੀ ਹੈ। ਇਸ ਵਰਦੀ ਦੀ ਸਭ ਤੋਂ ਜ਼ਰੂਰੀ ਪਹਿਚਾਣ ਹੈ ਪੱਗ, ਜਿਸ ਨੂੰ ਇਸ ਦਾ ਸਭ ਤੋਂ ਜ਼ਰੂਰੀ ਅੰਗ ਮੰਨਿਆ ਜਾਂਦਾ ਹੈ।

ਜੇਕਰ ਅਸੀਂ ਆਪਣੇ ਸਾਹਿਤ, ਗੁਰਬਾਣੀ, ਲੋਕ ਗੀਤਾਂ, ਬੋਲੀਆਂ, ਵਾਰਾਂ, ਕਿੱਸਿਆਂ ਅੰਦਰ ਦੇਖੀਏ ਤਾਂ ਉਨ੍ਹਾਂ ਅੰਦਰ ਸਾਨੂੰ ਪੱਗ ਦੀ ਹੋਂਦ ਬਾਰੇ ਬਹੁਤ ਕੁਝ ਪਤਾ ਲੱਗ ਜਾਂਦਾ ਹੈ। ਪਰ ਅੱਜ ਦੇ ਸਮੇਂ ਅੰਦਰ ਜਦੋਂ ਪੌਪ ਗਾਇਕੀ ਦੀ ਹਨੇਰੀ ਚੱਲ ਰਹੀ ਹੈ ਤਾਂ ਇਸ ਅੰਦਰ ਵੀ ਬਹੁਤ ਸਾਰੇ ਅਜਿਹੇ ਗੀਤ ਮਿਲ ਜਾਂਦੇ ਹਨ ਜਿਨ੍ਹਾਂ ਅੰਦਰ ਪੱਗ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਹੁੰਦਾ ਹੈ। ਇਨ੍ਹਾਂ 'ਚੋਂ ਕੁਝ ਅਜਿਹੇ ਗੀਤ ਜਿਨ੍ਹਾਂ ਦੇ ਸਿਰਲੇਖ (ਮੁਖੜਾ) ਵਿਚ ਹੀ ਪੱਗ ਦਾ ਜ਼ਿਕਰ ਸ਼ੁਰੂ ਹੋ ਜਾਂਦਾ ਹੈ।

ਅੰਤ ਵਿਚ ਅਸੀਂ ਇਹ ਆਖ ਸਕਦੇ ਹਾਂ ਕਿ ਦਸਤਾਰ ਪੰਜਾਬੀਆਂ ਦੇ ਸੱਭਿਆਚਾਰ ਅਤੇ ਵਿਰਸੇ ਦਾ ਅੰਗ ਹੁੰਦੀ ਹੋਈ ਸ਼ਾਨ ਦਾ ਪ੍ਰਤੀਕ ਹੈ। ਇਹ ਸਿੱਖਾਂ ਲਈ ਜਿੱਥੇ ਖਾਸ ਮਹੱਤਵ ਰੱਖਦੀ ਹੈ, ਉਥੇ ਹੋਰਨਾਂ ਧਰਮਾਂ ਵਿਚ ਵੀ ਇਸ ਦਾ ਆਪਣਾ ਸਥਾਨ ਹੈ। ਅੱਜ ਦੁਨੀਆਂ-ਭਰ ਅੰਦਰ ਦਸਤਾਰ ਸਜਾਉਣ ਦੀ ਕਲਾ ਵਿਚ ਸਭ ਤੋਂ ਨਿਪੁੰਨ ਸਿੱਖ ਨੌਜਵਾਨ ਇਸ ਨੂੰ ਬੰਨ੍ਹਦੇ ਹਨ; ਕਿਸੇ ਹੋਰ ਧਰਮ ਵਿਚ ਇਸ ਤਰ੍ਹਾਂ ਨਹੀਂ ਹੈ। ਦਸਤਾਰ ਸਰਦਾਰੀ ਦਾ ਪ੍ਰਤੀਕ ਹੈ। ■

# ਆਜ਼ਾਦੀ ਲਈ ਸੰਘਰਸ਼ ਕਾਲ 'ਚ ਪਗੜੀ ਦੀ ਸ਼ਾਨ ਬਹਾਲੀ

*-ਡਾ. ਹਰਮਨਦੀਪ ਸਿੰਘ**

ਇਕ ਸ਼ਾਇਰ ਦੇ ਬੋਲ ਹਨ:—

*"ਮੈਨੂੰ ਸਿੰਘ ਹੋਣ 'ਤੇ ਮਾਣ ਹੈ। ਕਲਗੀਆਂ ਵਾਲੇ ਦੀ ਇਹੋ ਸ਼ਾਨ ਹੈ।"*

*"I am proud to be a Sikh"*

*ਮੈਨੂੰ ਸਿੱਖ ਹੋਣ 'ਤੇ ਮਾਣ ਹੈ।*

ਇਹ ਗੱਲ ਉਹੀ ਕਹਿ ਸਕਦਾ ਹੈ ਜਿਸ ਦੇ ਸਿਰ 'ਤੇ ਕਲਗੀਆਂ ਵਾਲੇ ਦਾ ਤਾਜ-ਦਸਤਾਰ ਹੋਵੇ। ਬਿਨਾਂ ਕੇਸ-ਦਸਤਾਰ ਤੋਂ ਕੋਈ ਵੀ ਤੁਹਾਨੂੰ ਸਿੱਖ ਨਹੀਂ ਆਖ ਸਕਦਾ। ਸਿੱਖ ਬੱਚਿਆਂ ਨੂੰ ਅੱਜ ਫਿਰ ਦਾਦੀ ਮਾਂ ਦੀ ਸਿੱਖਿਆ ਦੀ ਲੋੜ ਮਹਿਸੂਸ ਹੋ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸ ਗੁਰੂ ਸਾਹਿਬਾਨ ਵੱਲੋਂ ਪਾਏ ਹੋਏ ਪੂਰਨਿਆਂ 'ਤੇ ਚੱਲਣ ਦੀ ਲੋੜ ਹੈ। ਸ਼ਹੀਦ ਸਿੰਘਾਂ ਵੱਲੋਂ ਗਾਏ- 'ਮੇਰਾ ਸਿਰ ਜਾਏ ਤਾਂ ਜਾਏ ਪਰ ਸਿੱਖੀ ਸਿਦਕ ਨਾ ਜਾਏ' ਨੂੰ ਅਮਲੀ ਜਾਮਾ ਪਹਿਨਾਉਣ ਦੀ ਵੱਡੀ ਲੋੜ ਆ ਗਈ ਹੈ।

ਦੇਸ਼ ਦੀ ਆਜ਼ਾਦੀ ਦੀ ਗੱਲ ਹੋਵੇ ਜਾਂ ਅਜੋਕੇ ਸਮੇਂ ਵਿਚ ਪਗੜੀ ਦੀ ਗੱਲ ਚੱਲੇ ਤਾਂ ਸਾਰੇ ਇਕਮੱਤ ਹਨ। ਦੇਸ਼ ਦੀ ਵੰਡ ਤੋਂ ਪਹਿਲਾਂ ਦੇਸ਼-ਭਗਤਾਂ ਨੇ 'ਪਗੜੀ ਸੰਭਾਲ' ਦਾ ਨਾਅਰਾ ਦੇ ਕੇ ਦੇਸ਼ ਦੀ ਆਜ਼ਾਦੀ ਦਾ ਜੋ ਬਿਗਲ ਵਜਾਇਆ ਉਸ ਵਿਚ ਸਾਰਿਆਂ ਨੇ ਇਕਸੁਰ, ਇਕਮੱਤ ਹੋ ਕੇ ਪਗੜੀ ਦੀ ਲਾਜ ਰੱਖੀ। ਵਰਤਮਾਨ ਸਮੇਂ ਵਿਚ ਫਿਰ 'ਪਗੜੀ ਸੰਭਾਲ' ਦੀ ਗੱਲ ਚੱਲੀ ਹੈ। ਹੁਣ ਫਿਰ ਪਗੜੀ ਦੀ ਸ਼ਾਨ ਬਰਕਰਾਰ ਰੱਖਣ ਲਈ ਲੋੜ ਭਾਸ ਰਹੀ ਹੈ। ਇਸ ਲਈ ਸਾਨੂੰ ਆਪਣੇ ਵਿਰਸੇ ਦੀ ਸੰਭਾਲ ਅਤੇ ਉਸ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਜਿਹੜੀਆਂ ਕੌਮਾਂ, ਨਸਲਾਂ ਆਪਣੇ ਵਿਰਸੇ ਨੂੰ ਤਿਆਗ ਦਿੰਦੀਆਂ ਹਨ, ਆਪਣੇ ਇਤਿਹਾਸ ਨੂੰ ਵਿਸਾਰ ਦਿੰਦੀਆਂ ਹਨ ਉਨ੍ਹਾਂ ਦਾ ਭਵਿੱਖ ਖ਼ਤਰੇ ਭਰਿਆ ਹੋ ਨਿਬੜਦਾ ਹੈ। ਪਰ ਜਿਹੜੇ ਆਪਣੇ ਅਤੀਤ ਨਾਲ ਜੁੜੇ ਰਹਿੰਦੇ ਹਨ ਉਹ ਸੰਭਲ ਕੇ ਆਪਣੀ ਦਿੱਖ ਅਤੇ ਪਹਿਚਾਣ ਨੂੰ ਸੁਰਜੀਤ ਕਰ ਲੈਂਦੇ ਹਨ। ਅਤੀਤ ਨੂੰ ਜਿਉਂਦਾ-ਜਾਗਦਾ ਰੱਖਣ ਲਈ ਸਮੇਂ-ਸਮੇਂ ਸਿਰ ਯਤਨ ਹੁੰਦੇ ਰਹੇ ਹਨ। 'ਪਗੜੀ ਸੰਭਾਲ' ਲਈ ਦੇਸ਼ ਦੀ ਆਜ਼ਾਦੀ ਦੀ ਲੜਾਈ ਸਮੇਂ ਕਈ ਹੰਭਲੇ ਮਾਰੇ ਗਏ ਜਿਨ੍ਹਾਂ ਵਿਚ ਬਾਬਾ ਖੜਕ ਸਿੰਘ ਜੀ ਦਾ ਯੋਗਦਾਨ ਵਿਸ਼ੇਸ਼ ਧਿਆਨ ਮੰਗਦਾ ਹੈ। ਜੇਲ੍ਹ-ਯਾਤਰਾ ਸਮੇਂ ਅੰਗਰੇਜ਼ਾਂ ਨੇ ਬਾਬਾ ਜੀ ਉੱਤੇ ਕਾਲੀ ਦਸਤਾਰ ਪਹਿਨਣ ਕਰਕੇ ਘੋਰ ਤਸ਼ੱਦਦ ਕੀਤਾ। ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਡਰਾਇਆ-ਧਮਕਾਇਆ ਹੀ ਨਹੀਂ ਗਿਆ ਸਗੋਂ ਮਾਰ-ਕੁਟਾਈ ਅਤੇ ਭੁੱਖੇ-ਤਿਹਾਏ ਰੱਖ ਕੇ ਤਸੀਹੇ ਵੀ ਦਿੱਤੇ ਗਏ। ਇਥੋਂ ਤਕ ਕਿ ਲਗਾਤਾਰ ਸਿਰਫ਼ ਇਕ ਕਛਹਿਰੇ ਤੋਂ ਬਿਨਾਂ ਸਰਦੀ-ਗਰਮੀ ਨੰਗਾ ਰੱਖ ਕੇ ਜ਼ਲੀਲ ਵੀ ਕੀਤਾ

**ਸੌਇਲ ਡੀਪਾਰਟਮੈਂਟ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ।*

ਗਿਆ। ਪਰ ਬਾਬਾ ਜੀ ਨਿਧੜਕ ਹੋ ਕੇ ਦਸਤਾਰ ਲਈ ਘੋਲ ਕਰਦੇ ਰਹੇ। ਲਗਾਤਾਰ ੫ ਸਾਲ ਜੇਲ੍ਹ ਦੀਆਂ ਸਲਾਖਾਂ ਪਿੱਛੇ ਤਸੀਹੇ ਝੱਲ ਕੇ ਮੋਰਚਾ ਸਰ ਕਰ ਕੇ ਹੀ ਬਾਹਰ ਆਏ। ਉਨ੍ਹਾਂ ਦੀ ਵਡਮੁੱਲੀ ਕੁਰਬਾਨੀ ਸਦਕਾ ਹੀ ਅੱਜ ਬਾਬਾ ਜੀ ਨੂੰ ਸਿੱਖਾਂ ਦੇ ਬੇ-ਤਾਜ ਬਾਦਸ਼ਾਹ ਕਰਕੇ ਯਾਦ ਕੀਤਾ ਜਾਂਦਾ ਹੈ।

ਬਾਬਾ ਜੀ ਦੀ ਜੇਲ੍ਹ-ਯਾਤਰਾ ਤੋਂ ਪਹਿਲਾਂ ਵੀ ਸਿਰ ਢੱਕਣ ਲਈ ਜੇਲ੍ਹ ਵਿਚਲੇ ਕੈਦੀਆਂ ਨੂੰ ਟੋਪੀ ਪਹਿਨਣ 'ਤੇ ਮਜਬੂਰ ਕੀਤਾ ਜਾਂਦਾ ਸੀ। 'ਪਗੜੀ ਸੰਭਾਲ' ਲਈ ਸ. ਕਿਸ਼ਨ ਸਿੰਘ ਜੀ ਨੇ ਵੀ ਜੇਲ੍ਹ 'ਚ ਲੰਬੀ ਜੱਦੋ-ਜਹਿਦ ਪਿੱਛੋਂ ਸਾਰੇ ਸਿੱਖਾਂ ਲਈ ਦਸਤਾਰ ਪਹਿਨਣ ਦਾ ਹੱਕ ਪੱਕਾ ਕਰਵਾਇਆ ਅਤੇ ਜੇਲ੍ਹ ਵਿਚਲੇ ਸਿੱਖ ਕੈਦੀਆਂ ਲਈ ਡਰੈੱਸ ਕੋਡ ਵਿਚ ਪਗੜੀ ਲਾਜ਼ਮੀ ਕਰਵਾਈ।

'ਪਗੜੀ ਸੰਭਾਲ' ਨੂੰ ਵੱਡਾ ਖ਼ੋਰਾ ਫੈਸ਼ਨਪ੍ਰਸਤੀ ਦੀ ਮਾਰ ਕਾਰਨ ਪੈ ਰਿਹਾ ਹੈ। ਫੈਸ਼ਨਪ੍ਰਸਤੀ ਦੀਆਂ ਜੜ੍ਹਾਂ ਵੱਡੇ-ਵੱਡੇ ਸਰਮਾਏਦਾਰਾਂ ਵੱਲੋਂ ਲਾਈਆਂ ਜਾ ਰਹੀਆਂ ਹਨ। ਕੇਵਲ ਮੁਨਾਫੇ ਕਾਰਨ ਇਸ ਨੂੰ ਪ੍ਰਚਾਰਿਆ ਜਾ ਰਿਹਾ ਹੈ। ਨਿੱਤ-ਨਵਾਂ ਫੈਸ਼ਨ ਮਾਰਕੀਟ ਵਿਚ ਆ ਰਿਹਾ ਹੈ। ਇਲੈਕਟ੍ਰੋਨਿਕ ਮੀਡੀਏ ਨੇ ਇਸ ਨੂੰ ਹਵਾ ਦਿੱਤੀ ਤੇ ਪ੍ਰਿੰਟ ਮੀਡੀਆ ਵੀ ਇਸ ਨੂੰ ਪ੍ਰਚਾਰਨ 'ਚ ਪਿੱਛੇ ਨਹੀਂ ਰਿਹਾ। ਇਹ ਵੀ ਆਪਣੀਆਂ ਲਿਖਤਾਂ ਰਾਹੀਂ ਨੌਜਵਾਨ ਪੀੜ੍ਹੀ ਨੂੰ ਵਰਗਲਾ ਰਿਹਾ ਹੈ। ਟੀ.ਵੀ. ਅਤੇ ਫ਼ਿਲਮਾਂ ਵਾਲਿਆਂ ਨੇ ਤਾਂ ਪਗੜੀ 'ਤੇ ਮਾਰੂ ਵਾਰ ਵੀ ਕੀਤਾ ਹੈ। ਨੌਜਵਾਨ ਪਨੀਰੀ ਇਸੇ ਕੂੜ-ਪ੍ਰਚਾਰ ਸਦਕਾ ਹੀ ਆਪਣੇ ਅਮੀਰ ਵਿਰਸੇ ਤੋਂ ਟੁੱਟਦੀ ਜਾ ਰਹੀ ਹੈ।

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਵੀ 'ਪਗੜੀ ਸੰਭਾਲ' ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਸਨ। ਪਗੜੀ ਇੱਜ਼ਤ-ਆਬਰੂ ਦੀ ਨੁਹਾਰ ਹੁੰਦੀ ਸੀ। ਇਸ ਦਾ ਮਾਣ-ਸਤਿਕਾਰ ਸਰਕਾਰੇ-ਦਰਬਾਰੇ ਅਤੇ ਸਮਾਜ ਵਿਚ ਹਮੇਸ਼ਾਂ ਬਣਿਆ ਰਿਹਾ।

ਦਸਤਾਰ ਦੀ ਸਲਾਮਤੀ ਲਈ ਢੇਰ ਸਾਰੀਆਂ ਕੁਰਬਾਨੀਆਂ ਦੇਣੀਆਂ ਪਈਆਂ। ਅੱਜ ਫਿਰ ਫਰਾਂਸ ਵਿਚ ਪਗੜੀ ਬੰਨ੍ਹਣ ਦੇ ਰਾਹ 'ਚ ਪਾਏ ਜਾ ਰਹੇ ਅੜਿੱਕੇ ਵੱਡੀ ਸਮੱਸਿਆ ਹੀ ਨਹੀਂ ਸਗੋਂ ਇਹ ਸਿੱਖ-ਅਣਖ ਲਈ ਚੈਲਿੰਜ ਵੀ ਹਨ। ਫਰਾਂਸ ਨਾਲ ਸਾਡੇ ਸਦੀਆਂ ਪੁਰਾਣੇ ਸੰਬੰਧ ਰਹੇ ਹਨ। ਸਿੱਖ ਰਾਜ ਸਮੇਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਫਰਾਂਸੀਸੀਆਂ ਨੂੰ ਉਚੇਚੇ ਤੌਰ 'ਤੇ ਆਪਣੀ ਫੌਜ ਵਿਚ ਵੱਡੇ-ਵੱਡੇ ਰੁਤਬੇ ਦਿੱਤੇ, ਨੇੜਤਾ ਬਖ਼ਸ਼ੀ। ਵੈਨਤੂਰਾ ਵਰਗੇ ਕਈ ਫਰਾਂਸੀਸੀ ਜਰਨੈਲਾਂ ਨੂੰ ਅਹੁਦੇ ਦੇ ਕੇ ਸਨਮਾਨਿਆ ਅਤੇ ਤੋਪਖਾਨੇ ਦਾ ਸਰਬਰਾਹ ਥਾਪਿਆ। ਫਰਾਂਸ ਦੀ ਆਜ਼ਾਦੀ ਸਮੇਂ ਫਰਾਂਸੀਸੀ ਆਜ਼ਾਦੀ-ਘੁਲਾਟੀਆਂ ਨੂੰ ਸਿੱਖਾਂ ਨੇ ਉਨ੍ਹਾਂ ਦਾ ਪੂਰਾ-ਪੂਰਾ ਸਾਥ ਦੇਂਦਿਆਂ ਆਪਣੇ ਦਿਲ ਦੇ ਬੂਹੇ-ਬਾਰੀਆਂ ਖੁੱਲ੍ਹੀਆਂ ਰੱਖੀਆਂ। ਅੱਜ ਲੋੜ ਹੈ, ਸਮੂਹ ਨਾਨਕ ਨਾਮ-ਲੇਵਾ ਸਿੱਖਾਂ ਨੂੰ ਰਲ-ਮਿਲ ਕੇ ਘੋਲ ਕਰਨ ਦੀ। ਫਰਾਂਸ ਵਿਚ ਫਿਰ ਦੁਬਾਰਾ ਪਗੜੀ ਦੀ ਬਹਾਲੀ ਲਈ ਯਤਨ ਕਰਨ ਲਈ, ਆਉ! ਸਾਰੇ ਰਲ-ਮਿਲ ਕੇ ਕਮਰਕੱਸੇ ਕਰੀਏ ਤਾਂ ਕਿ ਸਿੱਖੀ ਦੀ ਆਨ ਤੇ ਸ਼ਾਨ ਬਰਕਰਾਰ ਰੱਖ ਸਕੀਏ!

# ਦਰਗਾਹੀ ਪਰਵਾਨਗੀ ਦਾ ਸਿਰੋਪਾਉ : ਦਸਤਾਰ

*-ਸ. ਹਰਪ੍ਰੀਤ ਸਿੰਘ 'ਨਾਜ਼'**

ਸੰਸਾਰ ਦੇ ਜ਼ਿਆਦਾਤਰ ਧਰਮਾਂ ਅਤੇ ਕੌਮਾਂ ਵਿਚ ਦਸਤਾਰ ਧਾਰਮਿਕ ਅਤੇ ਸਮਾਜਿਕ ਪੱਖ ਤੋਂ ਮਹੱਤਵਪੂਰਨ ਮੰਨੀ ਜਾਂਦੀ ਹੈ। ਸੰਸਾਰ ਦੇ ਮੁੱਖ ਧਰਮਾਂ ਵਿਚ ਪ੍ਰਭੂ ਦਰਬਾਰ ਵਿਚ ਹਾਜ਼ਰੀ ਸਮੇਂ ਸਿਰ 'ਤੇ ਦਸਤਾਰ ਸਜਾਉਣਾ ਜ਼ਰੂਰੀ ਸਮਝਿਆ ਗਿਆ ਹੈ। ਯਹੂਦੀਆਂ ਅਤੇ ਈਸਾਈਆਂ ਦੀ ਧਰਮ-ਪੁਸਤਕ 'ਪੁਰਾਤਨ ਅਹਿਦਨਾਮੇ' ਵਿਚ ਲਿਖਿਆ ਹੈ ਕਿ ਮਨੁੱਖ ਨੂੰ ਮਲਮਲ ਦੀ ਦਸਤਾਰ ਸਜਾ ਕੇ ਦਰਬਾਰ ਵਿਚ ਜਾਣਾ ਚਾਹੀਦਾ ਹੈ। *(ਦੇਖੋ Old Testament, Ezakiel, 44:18:19)* ਇਸਲਾਮ ਵਿਚ ਵੀ ਨਮਾਜ਼ ਅਦਾ ਕਰਨ ਸਮੇਂ ਸਿਰ ਨੂੰ ਢੱਕਣਾ ਜ਼ਰੂਰੀ ਹੈ। ਹਿੰਦੂ ਧਰਮ ਵਿਚ ਵੀ ਧਾਰਮਿਕ ਰਸਮਾਂ ਸਮੇਂ ਸਿਰ 'ਤੇ ਬਸਤਰ ਹੋਣਾ ਜ਼ਰੂਰੀ ਹੈ। ਪਰ ਹੌਲੀ-ਹੌਲੀ ਸਮਾਂ ਬੀਤਣ ਨਾਲ ਕਈ ਇਸ ਦੇ ਮਹੱਤਵ ਨੂੰ ਭੁੱਲ ਗਏ ਅਤੇ ਕਈ ਧਰਮਾਂ ਤੇ ਕੌਮਾਂ ਵਿਚ ਇਹ ਕੇਵਲ ਇਕ ਰਸਮ ਜਾਂ ਮਜਬੂਰੀ ਬਣ ਕੇ ਹੀ ਰਹਿ ਗਈ। ਧਾਰਮਿਕ ਪੱਖ ਨਾਲੋਂ ਇਸ ਦਾ ਸਮਾਜਿਕ ਪੱਖ ਜ਼ਿਆਦਾ ਮਾਨਤਾ ਪ੍ਰਾਪਤ ਕਰ ਗਿਆ ਅਤੇ ਇਹ ਕੇਵਲ ਸਮਾਜਿਕ ਰੁਤਬੇ ਦਾ ਪ੍ਰਤੀਕ ਬਣ ਗਈ।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਤਾਰ ਦੇ ਧਾਰਮਿਕ ਮਹੱਤਵ ਨੂੰ ਮੁੜ ਮਹਿਸੂਸ ਕੀਤਾ ਅਤੇ ਇਸ ਦੇ ਮਹੱਤਵ ਨੂੰ ਮੁੜ ਸਥਾਪਤ ਕੀਤਾ। ਗੁਰੂ ਜੀ ਨੇ ਵਿਅਕਤੀ ਦੀ ਸਮਾਜਿਕ ਪਤ ਦੀ ਬਜਾਏ, ਪਰਮਾਤਮਾ ਦੇ ਦਰਬਾਰ ਵਿਚ ਪਤ ਕਾਇਮ ਰੱਖਣ ਦੀ ਗੱਲ ਕੀਤੀ। ਜਿਸ ਵਿਅਕਤੀ ਦੇ ਮਨ ਵਿਚ ਅਕਾਲ ਪੁਰਖ ਦਾ ਪ੍ਰੇਮ ਪੈਦਾ ਹੋ ਜਾਂਦਾ ਹੈ ਅਤੇ ਉਹ ਸੇਵਾ-ਸਿਮਰਨ ਦੀ ਕਮਾਈ ਕਰਦਾ ਹੈ, ਉਸ ਨੂੰ ਹੀ ਦਸਤਾਰ ਰੂਪੀ ਸਿਰੋਪਾਉ ਦੀ ਸੋਭਾ ਪ੍ਰਾਪਤ ਹੁੰਦੀ ਹੈ। ਗੁਰੂ ਜੀ ਦਾ ਭਾਵ ਸੀ ਜੋ ਵਿਅਕਤੀ ਸੇਵਾ-ਸਿਮਰਨ ਕਰਦਾ ਹੈ, ਉਸ ਨੂੰ ਦਰਗਾਹ ਵਿਚ ਉੱਚਾ ਸਥਾਨ ਪ੍ਰਾਪਤ ਹੁੰਦਾ ਹੈ ਅਤੇ ਉਸ ਦੀ ਹੀ ਅਕਾਲ ਪੁਰਖ ਦੇ ਦਰਬਾਰ ਵਿਚ ਪਤ ਰਹਿੰਦੀ ਹੈ। ਉਸ ਦੇ ਸਿਰ ਹੀ ਪਰਾਲੌਕਿਕ ਅਤੇ ਲੌਕਿਕ ਜਗਤ ਵਿਚ ਸਿਰੋਪਾਉ ਰੂਪੀ ਦਸਤਾਰ ਸੋਭਦੀ ਹੈ। ਜੋ ਨਾਮ ਵਿਹੂਣੇ ਹਨ, ਉਨ੍ਹਾਂ ਦੀ ਅਕਾਲ ਪੁਰਖ ਦੀ ਦਰਗਾਹ ਵਿਚ ਕੋਈ ਇੱਜ਼ਤ ਨਹੀਂ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫ਼ੁਰਮਾਇਆ ਹੈ:

*ਕਾਇਆ ਕਿਰਦਾਰ ਅਉਰਤ ਯਕੀਨਾ॥*
*ਰੰਗ ਤਮਾਸੇ ਮਾਣਿ ਹਕੀਨਾ॥*
*ਨਾਪਾਕ ਪਾਕੁ ਕਰਿ ਹਦੂਰਿ ਹਦੀਸਾ,*
*ਸਾਬਤ ਸੂਰਤਿ ਦਸਤਾਰ ਸਿਰਾ॥*

*(ਪੰਨਾ ੧੦੮੪)*

**ਢਿੱਲੋਂ ਕਾਟੇਜ, ਸ਼ਾਮ ਨਗਰ, ਨੇੜੇ ਪਾਣੀ ਵਾਲੀ ਟੈਂਕੀ ਨੰ: ੨, ਮੰਡੀ ਗੋਬਿੰਦਗੜ੍ਹ (ਫਤਹਿਗੜ੍ਹ ਸਾਹਿਬ)-੧੪੭੩੦੧*

ਅਰਥਾਤ ਆਪਣੇ ਸਰੀਰ ਨੂੰ, ਜਿਸ ਰਾਹੀਂ ਚੰਗੇ-ਮੰਦੇ ਕੰਮ ਕੀਤੇ ਜਾਂਦੇ ਹਨ, ਆਪਣੀ ਪਤੀਬ੍ਰਤਾ ਇਸਤਰੀ ਬਣਾ ਅਤੇ ਉਸ ਦੇ ਰਾਹੀਂ ਵਿਕਾਰਾਂ ਦੀ ਥਾਂ ਰੱਬੀ ਮਿਲਾਪ ਦੇ ਰੰਗ-ਤਮਾਸ਼ੇ ਮਾਣ; ਵਿਕਾਰਾਂ ਵਿਚ ਮਲੀਨ ਹੋ ਰਹੇ ਮਨ ਨੂੰ ਪਵਿੱਤਰ ਕਰਨ ਦਾ ਯਤਨ ਕਰ। ਪ੍ਰਭੂ ਦੇ ਦਰ ਸਾਬਤ ਸੂਰਤਿ ਰਹਿ ਕੇ ਦਸਤਾਰ ਦੀ ਸੋਭਾ ਪ੍ਰਾਪਤ ਕਰ। ਇਸ ਤਰ੍ਹਾਂ ਲੋਕ-ਪ੍ਰਲੋਕ ਵਿਚ ਦਸਤਾਰ ਰੂਪੀ ਇੱਜ਼ਤ ਪ੍ਰਾਪਤ ਕਰ, ਜੀਵਨ ਸਫ਼ਲਾ ਕਰ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਦਰਬਾਰ ਵਿਚ ਪ੍ਰਵਾਨ ਸੇਵਕਾਂ ਨੂੰ ਸਿਰੋਪਾਉ ਬਖਸ਼ਣ ਦੀ ਰੀਤ ਚਲਾਈ। ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਪੂਰਬ ਦੀ ਉਦਾਸੀ ਸਮੇਂ ਬਿਸ਼ੰਭਰਪੁਰ ਗਏ ਤਾਂ ਉੱਥੇ ਸਾਲਸ ਰਾਏ ਜੌਹਰੀ ਨੂੰ ਅਕਾਲ ਪੁਰਖ ਦਾ ਸੇਵਕ ਜਾਣ ਉਸ ਨੂੰ ਦਸਤਾਰ ਬਖਸ਼ਿਸ਼ ਕਰ, ਪ੍ਰਚਾਰਕ ਨਿਯੁਕਤ ਕੀਤਾ ਸੀ। (ਦੇਖੋ ਜਨਮ ਸਾਖੀ ਪਰੰਪਰਾ, ਪੰਨਾ ੨੬੩) ਫਿਰ ਇਹੋ ਰੀਤ ਅਗਲੇ ਗੁਰੂ ਸਾਹਿਬਾਨ ਨੇ ਅਪਣਾਈ। ਸ੍ਰੀ ਗੁਰੂ ਅੰਗਦ ਦੇਵ ਜੀ ਵੀ ਪ੍ਰਮੁੱਖ ਸੇਵਕ ਨੂੰ ਸਿਰੋਪਾਉ ਦੀ ਬਖਸ਼ਿਸ਼ ਕਰਦੇ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਸ੍ਰੀ ਗੁਰੂ ਅਮਰਦਾਸ ਜੀ ਲਗਾਤਾਰ ਜੁਟੇ ਰਹਿੰਦੇ, ਗੁਰੂ ਜੀ ਸਾਲ ਬਾਅਦ ਉਨ੍ਹਾਂ ਨੂੰ ਦਸਤਾਰ ਦਾ ਸਿਰੋਪਾਉ ਦਿੰਦੇ। ਸ੍ਰੀ ਗੁਰੂ ਅਮਰਦਾਸ ਜੀ ਨੂੰ ਬਾਰ੍ਹਾਂ ਸਾਲ ਸਿਰੋਪਾਉ ਮਿਲਦੇ ਰਹੇ, ਅੰਤ ਉਨ੍ਹਾਂ ਨੂੰ ਅਕਾਲ ਪੁਰਖ ਦੇ ਦਰ ਪਰਵਾਨ ਦੇਖ ਗੁਰੂ ਜੀ ਨੇ ਗੁਰਗੱਦੀ 'ਤੇ ਸੁਸ਼ੋਭਿਤ ਕੀਤਾ।

ਫਿਰ ਗੁਰੂ ਸਾਹਿਬਾਨ ਨੇ ਸਤਿਗੁਰਾਂ ਦੇ ਦਰਬਾਰ ਦੇ ਅਣਥੱਕ ਸੇਵਕਾਂ ਨੂੰ ਮਸੰਦ ਨਿਯੁਕਤ ਕੀਤਾ। ਇਨ੍ਹਾਂ ਨੂੰ ਗੁਰੂ ਸਾਹਿਬ ਹਰ ਸਾਲ ਦਸਤਾਰ ਦਾ ਸਿਰੋਪਾਉ ਦੇ ਕੇ ਨਿਵਾਜਦੇ। ਇਸ ਦਾ ਜ਼ਿਕਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਮੋਹਸਿਨ ਫਾਨੀ ਆਪਣੀ ਪੁਸਤਕ 'ਦਬਸਿਤਾਨ ਮਜ਼ਾਹਬ' ਵਿਚ ਕਰਦਾ ਹੈ: "ਵਿਸਾਖੀ ਵਾਲੇ ਦਿਨ ਮਸੰਦ ਗੁਰੂ ਦਰਬਾਰ ਆ ਇਕੱਠੇ ਹੁੰਦੇ ਹਨ। ਜੋ ਵੀ ਮੇਲੀ ਗੁਰੂ ਦਰਸ਼ਨਾਂ ਦੀ ਚਾਹ ਪ੍ਰਗਟ ਕਰਦਾ ਹੈ, ਇਹ ਮਸੰਦ ਨਾਲ ਲੈ ਕੇ ਆਉਂਦੇ ਹਨ। ਜਦੋਂ ਮਸੰਦ ਗੁਰੂ ਜੀ ਤੋਂ ਵਿਦਾਇਗੀ ਲੈਂਦੇ ਹਨ ਤਾਂ ਇਨ੍ਹਾਂ ਨੂੰ ਦਸਤਾਰ ਦੇ ਰੂਪ ਵਿਚ ਬਖਸ਼ਿਸ਼ ਕੀਤੀ ਜਾਂਦੀ ਹੈ- *ਦਰ ਹੰਗਾਮੇ ਰੁਖਸਤ ਹਰ ਕਦਾਮੇਂ, ਅਜ਼ ਮਸੰਦਾ ਰਾ ਗੁਰੂ ਦਸਤਾਰ-ਇ-ਅਨਾਇਤ ਕੁਨੰਦ।* ('ਕਥਾ ਪੁਰਾਤਨ ਇਉ ਸੁਣੀ', ਪੰਨਾ-੮)

ਪਰ ਜਦੋਂ ਇਹ ਸਿਮਰਨ ਸੇਵਾ ਵਿਚ ਰਹਿਣ ਵਾਲੇ ਮਸੰਦ ਕੁਝ ਪੀੜ੍ਹੀਆਂ ਬਾਅਦ ਮਾਇਆਧਾਰੀ ਹੋ ਗਏ। ਇਹ ਪ੍ਰਭੂ-ਦਰਬਾਰ ਵਿਚ ਬਖਸ਼ਿਸ਼ ਦੇ ਅਧਿਕਾਰੀ ਨਾ ਰਹੇ, ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਮਸੰਦਾਂ ਨੂੰ ਖਾਰਿਜ ਕਰ ਦਿੱਤਾ। ਗੁਰੂ ਜੀ ਨੇ ਸੰਗਤ ਦੀ ਪ੍ਰੀਖਿਆ ਲਈ ਜੋ ਅਕਾਲ ਪੁਰਖ ਦੀ ਬਖਸ਼ਿਸ਼ ਦੇ ਪਾਤਰ ਦੇਖੇ ਉਨ੍ਹਾਂ ਨੂੰ ਸਦਾ ਲਈ ਰਹਿਤ ਵਜੋਂ ਦਸਤਾਰ ਬਖਸ਼, ਖਾਸ ਰੂਪ ਖਾਲਸਾ ਬਣਾ ਦਿੱਤਾ।

ਇਸ ਲਈ ਇਹ ਸਾਫ ਹੈ, ਜੋ ਮਨੁੱਖ ਵਿਸ਼ੇ-ਵਿਕਾਰਾਂ ਨੂੰ ਛੱਡ, ਸੇਵਾ-ਸਿਮਰਨ ਦੀ ਕਮਾਈ ਕਰ, ਪ੍ਰਭੂ ਦੇ ਦਰਬਾਰ ਵਿਚ ਇੱਜ਼ਤ ਪ੍ਰਾਪਤ ਕਰਦੇ, ਉਹ ਹੀ ਦਸਤਾਰ ਦੀ ਸੋਭਾ ਪ੍ਰਾਪਤ ਕਰਦੇ ਹਨ। ਨਵੀਂ ਪੀੜ੍ਹੀ ਨੂੰ ਇਸ ਦੇ ਮਹੱਤਵ ਤੋਂ ਜਾਣੂ ਕਰਵਾਉਣਾ ਵਕਤ ਦੀ ਅਹਿਮ ਲੋੜ ਹੈ।

# ਦਸਤਾਰ

*-ਪ੍ਰਿੰ. ਜਗਜੀਤ ਸਿੰਘ*

ਪੱਗ ਦਾ ਰਿਵਾਜ ਪੁਰਾਣਾ ਹੋਣ ਤੋਂ ਇਲਾਵਾ ਸੰਸਾਰ-ਵਿਆਪੀ ਵੀ ਰਿਹਾ ਹੈ। ਆਦਿ-ਵਾਸੀ ਕਿਸੇ ਦੇਸ਼ ਜਾਂ ਕੌਮ ਦੇ ਹੋਣ, ਸਿਰ ਉੱਤੇ ਸਾਫਾ ਜਿਹਾ ਬੰਨ੍ਹ ਛੱਡਦੇ ਸਨ ਤੇ ਹਨ। ਯੂਰਪ ਦੀਆਂ ਬੋਲੀਆਂ ਵਿਚ ਪੱਗ ਦੇ ਸਮਾਨਾਰਥੀ ਸ਼ਬਦ ਉਪਲਬਧ ਹਨ, ਜਿਵੇਂ ਅੰਗਰੇਜ਼ੀ ਵਿਚ ਟਰਬਨ *(Turban)* ਹੈ। ਯੂਰਪੀ ਤੇ ਅਮਰੀਕੀ ਇਸਤਰੀਆਂ ਤੇ ਮਰਦ ਟੋਪੀਆਂ ਦੇ ਆਲੇ-ਦੁਆਲੇ ਛੋਟੀ ਪੱਟੀ ਜਾਂ ਫੀਤਾ ਵਲੇਟਦੇ ਹਨ, ਜਿਸ ਦਾ ਪਿਛੋਕੜ ਪੱਗ ਹੀ ਹੈ। ਵਿਗ *(Wig)* ਜੋ ਅਦਾਲਤਾਂ ਦੇ ਜੱਜ ਜਾਂ ਦਾਨਸ਼ਵਰ ਅੱਜ ਤਕ ਵਰਤਦੇ ਹਨ, ਪੱਗ ਦਾ ਹੀ ਪ੍ਰਤੀਕ ਹੈ।

ਅੱਜ ਆਮ ਵੇਖਣ ਵਿਚ ਆਉਂਦਾ ਹੈ ਕਿ ਹਿੰਦੂ ਲੜਕੇ ਸ਼ਾਦੀ ਵੇਲੇ ਪੱਗ ਦੀ ਸ਼ਕਲ ਦੀ ਟੋਪੀ ਸਿਰ 'ਤੇ ਰੱਖ ਲਾੜਾ ਬਣਦੇ ਹਨ। ਪੁਰਾਣੀ ਤਹਿਜ਼ੀਬ 'ਤੇ ਝਾਤ ਪਾਉਂਦੀਆਂ ਇਤਿਹਾਸਕ ਯੂਰਪੀ ਜਾਂ ਅਮਰੀਕੀ ਫ਼ਿਲਮਾਂ ਪੱਗ ਦੇ ਪੁਰਾਣੇ ਰਿਵਾਜ ਸਬੰਧੀ ਚਾਨਣਾ ਪਾਉਂਦੀਆਂ ਹਨ। ਮਲਕਾ ਵਿਕਟੋਰੀਆ ਨੇ ਮੋਨੇ ਤੇ ਹੈਟ ਪਾਏ ਪ੍ਰਿੰਸੀਪਲ ਰਾਮ ਸਿੰਘ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਸ ਦੀ ਰੀਝ ਕਿਸੇ ਕੇਸ ਤੇ ਪੱਗ ਵਾਲੇ ਰਾਮ ਸਿੰਘ ਸਰਦਾਰ ਨੂੰ ਮਿਲਣ ਦੀ ਸੀ। ਹੁਣ ਯੂਰਪ ਤੇ ਅਮਰੀਕਾ ਲਗਭਗ ਸਾਰੇ ਸੰਸਾਰ ਵਿਚ ਸਿੱਖੀ ਸਰੂਪ ਪ੍ਰਵੇਸ਼ ਕਰ ਰਿਹਾ ਹੈ ਤੇ ਪੱਗ ਦੀ ਮਾਨਤਾ ਵਧ ਰਹੀ ਹੈ। ਦੁਨੀਆਂ ਦੇ ਵਿਕਸਤ ਦੇਸ਼ਾਂ ਦੇ ਲੋਕ ਲੰਮੇ ਕੇਸਾਂ, ਦਾੜ੍ਹੀ ਤੇ ਪੱਗਾਂ ਨੂੰ ਬੜੀ ਉਤਸੁਕਤਾ ਨਾਲ ਵੇਖਦੇ ਅਤੇ ਆਪਣੇ ਫੈਸ਼ਨ ਦਾ ਵਿਸ਼ੇਸ਼ ਭਾਗ ਬਣਾ ਰਹੇ ਹਨ।

ਪੱਗ ਬੰਨ੍ਹਣ ਦੇ ਢੰਗ ਤੋਂ ਤੇ ਰੰਗ ਦੀ ਵੰਨ-ਸੁਵੰਨਤਾ ਤੋਂ ਅਲੱਗ-ਅਲੱਗ ਇਲਾਕਿਆਂ ਦੀ ਧਾਰਮਿਕ, ਰਾਜਨੀਤਕ ਤੇ ਸਮਾਜਿਕ ਵਿਸ਼ਵਾਸਾਂ ਦੀ ਪਛਾਣ ਸੁਤੇ-ਸਿਧ ਹੋ ਜਾਂਦੀ ਹੈ। ਬਚਪਨ, ਜਵਾਨੀ ਤੇ ਬੁਢਾਪਾ ਰੰਗਾਂ ਦੀ ਵਿਸ਼ੇਸ਼ਤਾ ਤੋਂ ਸੱਖਣੇ ਨਹੀਂ ਰਹਿੰਦੇ, ਜੇ ਵਿਸ਼ਵਾਸ ਦੀ ਰੰਗਣ ਨਾ ਚੜ੍ਹੀ ਹੋਵੇ। ਬਚਪਨ ਤੇ ਜਵਾਨੀ ਵਿਚ ਗੂੜ੍ਹੇ ਰੰਗ (ਲਾਲ, ਗੁਲਾਬੀ, ਅਨਾਬੀ, ਕੋਕਾ ਕੋਲਾ, ਨੀਲਾ, ਕਾਲਾ ਆਦਿ) ਤੇ ਬੁਢਾਪੇ ਵਿਚ ਹਲਕੇ, ਫਿੱਕੇ ਜਾਂ ਸਫ਼ੈਦ ਰੰਗ ਦੀ ਪੱਗ ਸਿਰ 'ਤੇ ਸਜੀ ਫੱਬਦੀ ਹੈ।

ਬੈਠਵੀਂ, ਘੱਟ ਬੈਠਵੀਂ ਜਾਂ ਖੜ੍ਹੇ-ਬੱਝਦੀ ਪੱਗ ਪੰਜਾਬੀ ਸਿੱਖ-ਸੰਸਾਰ ਵਿਚ ਹਰ ਥਾਂ ਬੰਨ੍ਹਦਾ ਹੈ। ਇਸ ਦੇ ਪੇਚ ਤਿੰਨ ਚਾਰ ਤੈਹਾਂ ਵਾਲੇ ਜਾਂ ਲੰਬੇ ਰੁਖ਼ ਆਹਮਣੇ-ਸਾਹਮਣੇ ਪਾਸਿਆਂ ਨੂੰ ਖਿੱਚ ਕੇ ਸਾਫ਼ ਕੀਤੇ ਜਾਂਦੇ ਹਨ। ਪੂੰਝਾ (ਛੋਟਾ ਜਿਹਾ ਲੜ) ਛੱਡ ਟੁੰਗ ਕੇ, ਮੱਥੇ ਤੇ ਗਿੱਚੀ ਤੋਂ ਨੁੱਕਰਾਂ ਰੱਖ ਕੇ ਬੱਝਦੀ ਹੈ। ਇਸ ਦੇ ਥੱਲੇ ਨਿੱਕਾ ਜਿਹਾ ਸਾਫ਼ਾ ਇਕ ਸਫ਼ਾਈ ਖ਼ਾਤਰ ਜਾਂ ਫਿਫਟੀ (ਚੌੜਾ ਫੀਤਾ) ਸਜਾਵਟ ਖ਼ਾਤਰ, ਸਿਰ 'ਤੇ ਵਲ੍ਹੇਟੀ ਜਾਂਦੀ ਪਟਿਆਲਾਸ਼ਾਹੀ ਪੱਗ (ਮੱਥੇ 'ਤੇ) ਹਰ ਪੇਚ ਨੂੰ ਮਰੋੜਾ ਦੇ ਕੇ ਉਂਗਲ, ਡੇਢ ਉਂਗਲ (ਅਗਾਂਹ ਨੂੰ ਵਧਾਈ ਪੱਗ) ਦਾ ਰਿਵਾਜ ਪਟਿਆਲਾ ਤੇ ਹਰਿਆਣਾ 'ਚੋਂ ਨਿਕਲ ਕੇ ਹਰ ਥਾਂ ਮਸ਼ਹੂਰ ਹੋ ਚੁਕਾ ਹੈ।

ਤੁਰ੍ਹੇ ਤੇ ਲੜੇ ਵਾਲੀ ਪੱਗ ਸਿੱਖਾਂ ਤੇ ਹਿੰਦੂਆਂ ਵਿਚ ਪੁਲਸੀਏ ਤੇ ਫੌਜੀ ਮੁਸਲਮਾਨਾਂ

ਅੰਦਰ ਬਹੁਤ ਬੰਨ੍ਹਦੇ ਹਨ। ਗ਼ੈਰ-ਸਿੱਖ ਬੈਠਵੀਂ ਪੱਗ ਤੁਰ੍ਹਾ ਰੱਖ ਲੜ ਪਿੱਠ 'ਤੇ ਲਮਕਾ ਕੁਲ੍ਹੇ (ਸਿਰ 'ਤੇ ਠੀਕ ਮੇਚੇ ਦੀ ਟੋਪੀ) ਉੱਤੇ ਜ਼ਿਆਦਾਤਰ ਪਾਕਿਸਤਾਨ, ਈਰਾਨ, ਅਫਗਾਨਿਸਤਾਨ ਤੇ ਟਾਵੀਂ-ਟਾਵੀਂ ਭਾਰਤ ਵਿਚ ਬੰਨ੍ਹਦੇ ਹਨ। ਅਫਗਾਨਿਸਤਾਨ ਤੇ ਪਿਸ਼ਾਵਰ ਦੇ ਇਲਾਕੇ ਵਿਚ ਉਲਿਖਤ ਕਤਾਅ ਦੀ ਪੱਗ ਕੁਲ੍ਹੇ ਤੋਂ ਬਿਨਾਂ ਸਿੱਖਾਂ ਵਿਚ ਤੇ ਗ਼ੈਰ-ਸਿੱਖਾਂ ਵਿਚ ਕੁਲ੍ਹੇ 'ਤੇ ਬੰਨ੍ਹਣ ਦਾ ਕਾਫ਼ੀ ਰਿਵਾਜ ਹੈ।

ਨਾਮਧਾਰੀ ਪੱਗ ਕੰਨਾਂ ਤੋਂ ਉੱਪਰ ਨੁੱਕਰਾਂ ਵਾਲੀ ਸਫ਼ੈਦ ਰੰਗ ਦੀ ਹੁੰਦੀ ਹੈ। ਨੁੱਕਰਾਂ-ਰਹਿਤ ਗੋਲ ਪੱਗ ਦਾ ਰਿਵਾਜ ਸਿੱਖ ਸੰਤਾਂ-ਸਾਧਾਂ ਵਿਚ ਹੈ। ਪੇਂਡੂ ਵਰਗ ਵਿਚ ਢਿੱਲੀ-ਪੋਲੀ ਵਲ੍ਹੇਟੀ ਪੱਗ ਦਾ ਆਮ ਰਿਵਾਜ ਰਿਹਾ ਹੈ, ਪਰ ਹੁਣ ਇਹ ਮੁੱਕਣ ਵਾਲਾ ਹੈ।

ਕਾਂਗਰਸੀ ਚਿੱਟੀ ਖੱਦਰ ਦੀ, ਅਕਾਲੀ ਨੀਲੀ ਜਾਂ ਕਾਲੀ, ਕਮਿਊਨਿਸਟ, ਸੋਸਲਿਸਟ ਆਦਿ ਖੱਦਰ ਦੀ ਚਿੱਟੀ ਜਾਂ ਊਠ-ਰੰਗੀ ਪੱਗ ਆਮ ਤੌਰ 'ਤੇ ਬੰਨ੍ਹਦੇ ਹਨ। ਨਿਰਮਲੇ, ਉਦਾਸੀ ਆਮ ਤੌਰ 'ਤੇ ਗੇਰੂਏ ਰੰਗ ਦੀ ਪੱਗ ਬੰਨ੍ਹਦੇ ਹਨ। ਮਾਰਵਾੜੀ, ਗੁਜਰਾਤੀ ਆਦਿ ਰੱਸੇ ਵਾਂਗ ਵੱਟ ਕੇ, ਬੈਠਵੀਂ ਲੰਮੀ ਪੱਗ ਕੰਨ ਨੰਗੇ ਰੱਖ ਕੇ ਬੰਨ੍ਹਦੇ ਹਨ। ਬਹੁਤੀ ਖੜ੍ਹੀ ਪਰ ਕੰਨ ਨੰਗੇ ਰੱਖ ਕੇ ਲੰਮੀ ਪੱਗ ਦਾ ਰਿਵਾਜ ਦੱਖਣ ਵਿਸ਼ੇਸ਼ ਕਰਕੇ ਮਦਰਾਸੀਆਂ ਵਿਚਕਾਰ ਹੈ। ਰਾਜਪੂਤਾਨੀ ਪੱਗ ਮੱਥੇ 'ਤੇ ਨੁੱਕਰ ਰੱਖ ਕੇ ਖੱਬਾ ਕੰਨ ਪੂਰਾ ਕੱਜਦੀ ਹੈ, ਸੱਜਾ ਅੱਧਾ ਕੁ ਨੰਗਾ ਰੱਖਦੀ ਹੈ ਤੇ ਲੰਮੇਰਾ ਲੜ ਇਸ ਦੀ ਵਿਸ਼ੇਸ਼ਤਾ ਹੈ।

ਨਿਹੰਗ ਸਿੰਘਾਂ ਦਾ ਦਸਤਾਰਾ ਕੋਨਿਕ ਆਕਾਰ ਦਾ ਹੁੰਦਾ ਹੈ। ਸਵਾ ਕੁ ਫੁੱਟ ਉੱਚਾ ਹੁੰਦਾ ਹੈ ਅਤੇ ਆਮ ਤੌਰ 'ਤੇ ਕੰਨ ਵੀ ਕੱਜਦਾ ਹੈ। ਬੱਝਾ ਆਮ ਤੌਰ 'ਤੇ ਗੋਲ ਤੇ ਨੁੱਕਰ ਰਹਿਤ ਹੁੰਦਾ ਹੈ। ਪੰਜ ਆਮ ਪੱਗਾਂ ਦੀ ਲੰਬਾਈ ਜਿੱਡਾ ਦਸਤਾਰਾ ਹੁੰਦਾ ਹੈ। ਰੰਗ ਨੀਲਾ, ਕਾਲਾ, ਪੀਲਾ ਜਾਂ ਚਿੱਟਾ ਜਾਂ ਇਨ੍ਹਾਂ ਰੰਗਾਂ ਦਾ ਰਲਿਆ-ਮਿਲਿਆ ਹੁੰਦਾ ਹੈ। ਇਸ ਪੱਗ ਦੇ ਉੱਪਰਲੇ ਸਿਰ 'ਤੇ ਦੁਮਾਲਾ (ਇਕ ਤਰ੍ਹਾਂ ਦਾ ਫਹਰਾ ਜੋ ਕਲਗੀ ਦਾ ਪ੍ਰਤੀਕ ਤੇ ਸ਼ਾਹੀ ਦਿਖਦਾ ਹੈ) ਹੁੰਦਾ ਹੈ। ਜੰਗ ਸਮੇਂ ਦੁਸ਼ਮਣ ਦੇ ਵਾਰ ਤੋਂ ਸੁਰੱਖਿਅਤ ਰਹਿਣ ਲਈ ਨਿਹੰਗ ਸਿੰਘਾਂ ਨੇ ਆਪਣੀ ਦਸਤਾਰ ਸਭ ਪਾਸਿਆਂ ਤੋਂ ਲੋਹੇ ਦੀ ਬਣੀ ਤਾਰ ਜਾਂ ਬਾਰੀਕ ਜੰਜ਼ੀਰ ਨਾਲ ਕੱਸੀ ਹੁੰਦੀ ਸੀ। ਇਸ ਉੱਤੇ ਤਿੰਨ ਜਾਂ ਚਾਰ ਚੱਕਰ ਥੋੜ੍ਹੀ-ਥੋੜ੍ਹੀ ਵਿੱਥ 'ਤੇ ਟਿਕਾਏ ਹੁੰਦੇ ਸਨ। ਇਸ ਤੋਂ ਇਲਾਵਾ ਖਾਲਸਾਈ ਨਿਸ਼ਾਨ ਤੇ ਛੋਟੇ ਆਕਾਰ ਦੀਆਂ ਕਿਰਪਾਨਾਂ ਤੇ ਖੰਡੇ ਚਿੰਨ੍ਹਾਤਮਕ ਤੌਰ 'ਤੇ ਟੁੰਗੇ ਹੁੰਦੇ ਸਨ। ਇਸ ਦਾ ਵਜ਼ਨ ੬ ਕਿਲੋ ਤੋਂ ੧੫ ਕਿਲੋ ਤਕ ਹੁੰਦਾ ਸੀ। ਇਹ ਦਸਤਾਰਾ ਅੱਜ ਨਿਹੰਗ ਸਿੰਘਾਂ ਦੇ ਸੀਸ 'ਤੇ ਬੜੀ ਸੱਜ-ਧੱਜ ਨਾਲ ਸੁਸ਼ੋਭਿਤ ਹੈ। ਇਸ ਦਾ ਇਤਿਹਾਸਕ ਪਿਛੋਕੜ ਬੜਾ ਅਮੀਰ ਹੈ। ਅਰਬੀ ਲੋਕਾਂ ਦੀ ਪੱਗ ਵਿਸ਼ੇਸ਼ ਤਰਜ਼ ਦੀ ਹੈ। ਮੀਟਰ ਜਾਂ ਕੁਝ ਵੱਧ-ਘੱਟ ਵੱਡੇ ਵਰਗ ਆਕਾਰ ਦਾ ਕੱਪੜਾ ਸਿਰ, ਕੰਨਾਂ ਤੇ ਗਿੱਚੀ ਨੂੰ ਢੱਕ ਕੇ ਪਿੱਠ 'ਤੇ ਲਮਕਾ ਰੇਸ਼ਮੀ ਫੁੰਮ੍ਹਣਾਂ ਵਾਲੀ ਡੋਰੀ ਨਾਲ ਸਿਰ ਦੁਆਲੇ ਬੰਨ੍ਹ ਛੱਡਦੇ ਹਨ। ਇਹ ਉਨ੍ਹਾਂ ਦੀ ਭੂਗੋਲਿਕ ਸਥਿਤੀ ਦੇ ਅਨੁਕੂਲ ਹੈ।

ਨਿਰਸੰਦੇਹ ਪੱਗ ਦੀ ਵਰਤੋਂ ਸਿਰ ਦੇ ਲਿਬਾਸ ਵਜੋਂ ਇੰਨੀ ਬਹੁ-ਵਿਆਪੀ ਤੇ ਪੁਰਾਣੀ ਹੈ ਕਿ ਇਸ ਦੀ ਮੁਹਰ-ਛਾਪ ਹੋਰ ਭਾਰਤੀ ਬੋਲੀਆਂ ਤੋਂ ਇਲਾਵਾ ਪੰਜਾਬੀ ਭਾਸ਼ਾ 'ਤੇ ਵੀ ਲੱਗਣੋਂ ਨਹੀਂ ਰਹੀ। ਇਸ ਤੱਥ ਦੀ ਤਸਦੀਕ ਵਜੋਂ ਕੁਝ ਕੁ ਮੁਹਾਵਰੇ, ਕਾਵਿ-ਟੋਟੇ ਤੇ ਰਸਮਾਂ ਦਾ ਵੇਰਵਾ ਹੇਠਾਂ ਦਰਜ ਹੈ-

*ਮੁਹਾਵਰੇ-*

੧. ਪੱਗ ਲੱਥ ਜਾਣੀ ਜਾਂ ਲਹਿ ਜਾਣੀ (ਬੇਇੱਜ਼ਤੀ ਹੋਣੀ)
੨. ਪੱਗ ਲਾਹੁਣੀ (ਬੇਇੱਜ਼ਤੀ ਕਰਨੀ)
੩. ਪੱਗ ਪੈਰਾਂ ਉੱਪਰ ਰੱਖਣੀ (ਮੁਆਫੀ ਮੰਗਣੀ)
੪. ਪੱਗ ਵਟਾ ਲੈਣੀ (ਮਿੱਤਰਤਾ ਪਾਉਣੀ)
੫. ਪੱਗ ਸੰਭਾਲਣੀ (ਮੌਕੇ ਸਿਰ ਹੁਸ਼ਿਆਰ ਹੋਣਾ)
੬. ਪੱਗ ਸਿਰ 'ਤੇ ਰੱਖਣੀ (ਇੱਜ਼ਤ ਹੋਣੀ)
੭. ਪੱਗ ਰੁਲਣੀ (ਬੇਇੱਜ਼ਤੀ ਹੋਣੀ)
੮. ਪੱਗ ਕੱਛੇ ਦੇ ਲੈਣੀ (ਨਿਰਲੱਜ, ਨਿਝੱਕ ਤੇ ਨਿਡਰ ਹੋਣਾ) ਇਤਿਆਦਿ।

*ਰਸਮਾਂ-*

੧.ਘੋਲਾਂ, ਛਿੰਜਾਂ ਵਿਚ ਮਾਲੀ (ਇਨਾਮ) ਵਜੋਂ ਜੇਤੂ ਪਹਿਲਵਾਨਾਂ ਨੂੰ ਪੱਗ ਦਿੱਤੀ ਜਾਂਦੀ ਹੈ।
੨. ਵਿਆਹ ਸਮੇਂ ਲਾੜੇ ਨੂੰ ਪੱਗ ਬੰਨ੍ਹੀਂਦੀ ਹੈ।
੩. ਮਿਲਣੀ ਸਮੇਂ ਧੇਤਿਆਂ ਵੱਲੋਂ ਪੱਗ ਪੇਸ਼ ਕੀਤੀ ਜਾਂਦੀ ਹੈ।
੪. ਮਾਂ ਜਾਂ ਬਾਪ ਦੀ ਮੌਤ ਪਿੱਛੋਂ ਉਤਰ-ਅਧਿਕਾਰੀ ਨੂੰ ਪੱਗ ਬੰਨ੍ਹਣ ਦਾ ਰਿਵਾਜ ਹੈ।
੫. ਉਸਤਾਦ ਧਾਰਨ ਸਮੇਂ ਸ਼ਾਗਿਰਦ ਪੱਗ ਤੇ ਲੱਡੂ ਪੇਸ਼ ਕਰਦਾ ਹੈ।

ਉਪਰੋਕਤ ਤੋਂ ਸਪੱਸ਼ਟ ਹੈ ਕਿ ਦਸਤਾਰ (ਪੱਗ) ਸਦਾ ਹੀ ਇੱਜ਼ਤ-ਸਤਿਕਾਰ ਤੇ ਭਰੋਸੇ ਦਾ ਚਿੰਨ੍ਹ ਹੈ।

ਸ਼ੇਖ ਸਾਅਦੀ ਈਰਾਨ ਦਾ ਮੁਖੀ ਸਾਹਿਤਕਾਰ ਪੱਗ ਨੂੰ ਕੇਵਲ ਮਾਤਰ ਲਿਬਾਸ ਦਾ ਪ੍ਰਤੀਕ ਹੀ ਨਹੀਂ ਮੰਨਦਾ ਸਗੋਂ ਚੰਗੇ-ਮੰਦੇ ਆਚਰਨ ਦੇ ਅੰਦਾਜ਼ੇ ਦਾ ਇਕ ਪੱਖ ਵੀ ਨਿਯਤ ਕਰਦਾ ਹੈ:-

*ਮਰਦੁਮ ਰਾ ਮੇ ਸ਼ਨਾਸਦ ਅਜ਼, ਰਫਤਾਰੋ ਗੁਫਤਾਰੋ ਦਸਤਾਰ।*

(ਆਦਮੀ ਦੀ ਪਛਾਣ, ਚਾਲ, ਬੋਲ ਤੇ ਪੱਗ ਅਰਥਾਤ ਲਿਬਾਸ ਤੋਂ ਹੁੰਦੀ ਹੈ)

ਨਜ਼ਾਬਤ ਕਵੀ ਪੱਗ ਨੂੰ ਇੱਜ਼ਤ ਦਾ ਨਿਸ਼ਾਨ ਮੰਨਦਾ ਹੈ:-

*ਜਿਨ੍ਹਾਂ ਨੂੰ ਪੱਗ, ਦਾੜ੍ਹੀ ਦੀ ਸ਼ਰਮ ਹੈ, ਲੱਜ ਮਾਤ ਪਿਤਾ ਦੀ।*
*ਦਿੱਤਾ ਗੁਸਲ ਫਰਿਸ਼ਤਿਆਂ ਭੱਜ ਰਲੇ ਜਨਾਜੀ। (ਨਾਦਰ ਸ਼ਾਹ ਦੀ ਵਾਰ)*

ਗੁਰਬਾਣੀ ਵਿਚ ਦਸਤਾਰ (ਪੱਗ) ਨੂੰ "ਸਾਬਤ ਸੂਰਤਿ ਦਸਤਾਰ ਸਿਰਾ" ਉੱਚਤਮ ਸ਼ਖ਼ਸੀਅਤ ਦੀ ਲਖਾਇਕ ਦਰਸਾਇਆ ਗਿਆ ਹੈ।

'ਪੱਗ' ਸ਼ਬਦ ਦਾ ਸਾਹਿਤ ਤੇ ਸਮਾਜ ਉੱਪਰ ਇੰਨਾ ਡੂੰਘਾ ਪ੍ਰਭਾਵ ਹੋਣ ਦੇ ਬਾਵਜੂਦ ਸਿੱਖੀ ਦੇ ਘੇਰੇ ਅੰਦਰ 'ਦਸਤਾਰ' ਸ਼ਬਦ ਫ਼ਾਰਸੀ ਤੇ ਅਰਬੀ ਦੇ ਹੋਰ ਸ਼ਬਦਾਂ-ਨਿਸ਼ਾਨ (ਝੰਡਾ), ਖਾਲਸਾ, ਸਾਹਿਬ, ਤੋਸ਼ਾਖਾਨਾ, ਮਸਨਦ, ਮਿਸਲ, ਅਲਾਹ, ਖੁਦਾ, ਨੂਰ, ਜਿਗਾ, ਚੋਗਾ, ਕਲਗੀ ਆਦਿ ਵਾਂਗ ਪਵਿੱਤਰ ਮੰਨਿਆ ਜਾਂਦਾ ਹੈ। ਇਨ੍ਹਾਂ 'ਤੇ ਕਈ ਹੋਰ ਅਜਿਹੇ ਸ਼ਬਦਾਂ ਨੂੰ ਗੁਰਬਾਣੀ ਸਿੱਖ ਇਤਿਹਾਸ ਤੇ ਸੱਭਿਅਤਾ ਤੋਂ ਨਿਖੇੜਿਆ ਨਹੀਂ ਜਾ ਸਕਦਾ।

'ਸਿੰਘ' ਤੇ 'ਦਸਤਾਰ' ਸ਼ਬਦ ਤਾਂ ਦੋ ਹਨ ਪਰ ਹਨ ਉੱਕੇ ਅਨਿੱਖੜਵੇਂ। ਦਸਤਾਰ

ਬਿਨਾਂ ਸਿੰਘ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਿੰਘਾਂ ਨੇ 'ਸਚਿਆਰਾ' ਹੋਣ ਲਈ ਅਰਥਾਤ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੀ ਮਨੁੱਖ ਦੁਆਲੇ ਉਸਰੀ ਕੰਧ ਨੂੰ ਢਹਿ-ਢੇਰੀ ਕਰਨ ਲਈ ਸਤਿਗੁਰੂ ਦੀ ਰਜ਼ਾ ਵਿਚ ਚੱਲਣ ਦਾ ਫੈਸਲਾ ਕੀਤਾ ਹੋਇਆ ਹੈ, ਜਿਵੇਂ:

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥* *(ਪੰਨਾ ੧)*

ਇਸ ਪਾਸੇ ਵੱਲ ਉਸ ਦਾ ਪਹਿਲਾ ਕਦਮ ਬਾਹਰੀ ਰੂਪ ਵਿਚ ਉਸ ਵਾਹਿਗੁਰੂ ਵਰਗਾ ਬਣਨਾ ਹੈ, ਕਿਉਂਕਿ ਉਹ ਸਾਡਾ ਸਭ ਦਾ ਇੱਕੋ ਹੀ ਸਦੀਵੀ ਪਿਤਾ ਹੈ ਤੇ ਅਸੀਂ ਸਭ ਉਸ ਦੇ ਬਾਲਕ ਹਾਂ ਤੇ ਉਸ ਜੈਸੇ ਹਾਂ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਾਹਿਗੁਰੂ ਦੇ ਚਿਹਰੇ-ਮੁਹਰੇ ਦੀ ਤਸਵੀਰ ਖਿੱਚੀ ਹੈ:

*ਤੇਰੇ ਬੰਕੇ ਲੋਇਣ ਦੰਤ ਰੀਸਾਲਾ॥*
*ਸੋਹਣੇ ਨਕ ਜਿਨ ਲੰਮੜੇ ਵਾਲਾ॥* *(ਪੰਨਾ ੫੬੭)*

ਨਿਰਸੰਦੇਹ ਮਨੁੱਖ ਸਰਵੋਤਮ ਹੈ ਅਤੇ ਇਸ ਦਾ ਸਪੱਸ਼ਟ ਸਬੂਤ ਉਸ ਦੇ ਸਿਰ ਦੇ ਲੰਮੇ ਕੇਸਾਂ ਦੀ ਬਖਸ਼ਿਸ਼ ਹੈ ਜੋ ਹੋਰ ਕਿਸੇ ਜੀਵ-ਜੰਤੂ ਦੇ ਐਨ ਸਿਰ ਉੱਤੇ ਨਹੀਂ ਹੈ, ਸਿਵਾਏ ਸ਼ੇਰ ਦੇ। ਸੋ ਸ਼ੇਰ ਮਨੁੱਖ ਤੋਂ ਦੂਜੇ ਦਰਜੇ 'ਤੇ ਬੈਠਾ ਜਾਪਦਾ ਹੈ। ਇਸੇ ਲਈ ਮਨੁੱਖ ਸਾਰੀ ਰਚਨਾ ਵਿੱਚੋਂ ਤੇ ਸ਼ੇਰ ਜਾਨਵਰਾਂ ਵਿੱਚੋਂ ਸਰਦਾਰ ਮੰਨਿਆ ਜਾਂਦਾ ਹੈ। ਪਹਿਲਾ ਸੋਚ, ਬੋਲ ਤੇ ਯਾਦ-ਸ਼ਕਤੀ ਦਾ ਤੇ ਪਿਛਲਾ ਬਲ ਦਾ ਵਾਹਿਦ ਸਵਾਮੀ ਹੈ। ਮਨੁੱਖਤਾ ਦੀ ਪ੍ਰਤੀਨਿਧਤਾ ਕਰਦੇ ਸਭ ਉੱਚਤਮ ਮਨੁੱਖ ਭਾਵੇਂ ਉਹ ਕਿਸੇ ਧਰਮ ਜਾਂ ਵਿਸ਼ਵਾਸ ਦੇ ਹੋਏ, ਕੇਸਾਂ ਦਾੜ੍ਹੀਆਂ ਵਾਲੇ ਹੋਏ ਹਨ।

ਕੇਸਾਂ ਦੀ ਮਹਾਨਤਾ ਉਨ੍ਹਾਂ ਦੀ ਸੰਭਾਲ ਨੂੰ ਜ਼ਰੂਰੀ ਕਰ ਦੇਂਦੀ ਹੈ। ਅਰਥਾਤ ਕੇਸਾਂ ਦੀ ਸੰਭਾਲ ਦੀ ਵੀ ਆਵੱਸ਼ਕਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ ੧੬੯੯ ਨੂੰ ਵਿਸਾਖੀ ਦੇ ਦਿਹਾੜੇ ਖਾਲਸੇ ਦੀ ਸਿਰਜਨਾ ਸਮੇਂ ਅੰਮ੍ਰਿਤ ਛਕਾਉਣ ਵੇਲੇ ਆਦੇਸ਼ ਦਿੱਤਾ ਸੀ ਕਿ-

ਹਰ ਖ਼ਾਲਸਾ ਹਰ ਸਵੇਰੇ-ਸ਼ਾਮ ਕੇਸਾਂ ਨੂੰ ਕੰਘਾ ਕਰ ਕੇ ਐਨ ਸਿਰ ਉੱਤੇ ਜੂੜਾ ਕਰੇ ਅਤੇ ਚੁਣ ਕੇ ਦਸਤਾਰ ਸਜਾਵੇ।

ਪੱਗ ਸਜਾਉਣ ਦੇ ਅਰੰਭ ਤੋਂ ਹੀ ਸਾਰੇ ਮੁਗ਼ਲ ਤੇ ਅੰਗਰੇਜ਼ ਹੁਕਮਰਾਨਾਂ ਦੇ ਤਾਜ ਪ੍ਰਭਾਵਿਤ ਹੁੰਦੇ ਰਹੇ। ਜਿਥੇ ਦਸਤਾਰ ਮਨੁੱਖ ਦੀ ਪੱਤ ਦਾ ਚਿੰਨ੍ਹ ਹੈ, ਉਥੇ ਇਹ ਲੋੜ ਵੇਲੇ ਇਸਤਰੀ ਦੀ ਪੱਤ ਵੀ ਹੈ। ਬੰਗਲਾ ਦੇਸ਼ ਲਈ ਲੜਾਈ ਸਮੇਂ ਮੁਸਲਮਾਨ ਸਿਪਾਹੀਆਂ ਹੱਥੋਂ ਬਲਾਤਕਾਰ ਦਾ ਸ਼ਿਕਾਰ ਹੋਈਆਂ ਲੜਕੀਆਂ ਦੇ ਨੰਗੇਜ਼ ਸਿੱਖ ਸਿਪਾਹੀਆਂ ਨੇ ਆਪਣੀਆਂ ਦਸਤਾਰਾਂ ਨਾਲ ਕੱਜੇ।

ਦਸਤਾਰ, ਜਿਵੇਂ ਉੱਪਰ ਦੱਸਿਆ ਹੈ, ਸਿੱਖੀ ਦੀ ਸ਼ਾਨ ਹੈ। ਜਿਸ ਤਰ੍ਹਾਂ ਸਿੱਖ ਨੂੰ ਸਿੱਖੀ ਪਿਆਰੀ ਹੈ, ਉਸੇ ਤਰ੍ਹਾਂ ਉਸ ਨੂੰ ਦਸਤਾਰ ਵੀ ਪਿਆਰੀ ਹੈ। ਭਾਵੇਂ ਉਹ ਮੌਤ ਦੇ ਮੂੰਹ ਵਿਚ ਆ ਜਾਵੇ, ਉਹ ਇਸ ਨੂੰ ਜੁਦਾ ਨਹੀਂ ਕਰ ਸਕਦਾ। ਮੁਗ਼ਲ-ਕਾਲ ਦੇ ਸਿੱਖਾਂ ਦੀਆਂ ਸ਼ਹਾਦਤਾਂ ਬਹੁਤਾ ਕਰਕੇ ਕੇਸਾਂ ਤੇ ਦਸਤਾਰ ਖ਼ਾਤਰ ਹੀ ਹੋਈਆਂ ਹਨ। ਪਿਛਲੀ ਸੰਸਾਰ-ਜੰਗ ਵਿਚ ਅੰਗਰੇਜ਼ ਨੇ ਸਿੱਖ ਫੌਜੀਆਂ ਨੂੰ ਖੋਦ (ਲੋਹੇ ਦੀ ਟੋਪੀ) ਭਾਵੇਂ ਦਸਤਾਰ ਦੇ ਉੱਤੋਂ ਦੀ ਪਹਿਨਣ ਦਾ ਆਦੇਸ਼ ਦਿੱਤਾ ਪਰ ਸਿੱਖ ਫੌਜੀਆਂ ਨੇ ਮੌਤ ਨੂੰ ਤਰਜੀਹ ਦੇਂਦਿਆਂ ਉਸ ਨੂੰ ਧਾਰਨ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ■

# ਜਾਗ ਨੌਜਵਾਨ! ਵਿਰਸਾ ਪਹਿਚਾਣ!!

-ਸ. ਚਮਕੌਰ ਸਿੰਘ*

ਅੱਜ ਦਾ ਸਿੱਖ ਨੌਜਵਾਨ ਅਣਖ ਅਤੇ ਕੁਰਬਾਨੀਆਂ-ਭਰੀ ਆਪਣੀ ਇਸ ਵਿਰਾਸਤ ਤੋਂ ਦੂਰ ਹੁੰਦਾ ਜਾ ਰਿਹਾ ਹੈ। ਉਹ ਜਵਾਨੀ ਦੇ ਝੂਠੇ ਨਸ਼ੇ ਵਿਚ ਇਸ ਕਦਰ ਮਦਹੋਸ਼ ਹੋ ਚੁੱਕਾ ਹੈ ਕਿ ਆਪਣੇ-ਆਪ ਨੂੰ ਉਲੰਘ ਕੇ ਕੁਝ ਵੀ ਸੋਚਣ ਤੋਂ ਅਸਮਰੱਥ ਹੋ ਗਿਆ ਹੈ। ਕੁਝ ਨਵਾਂ ਸੋਚਣ ਜਾਂ ਕਰਨ ਦੀ ਗੱਲ ਤਾਂ ਪਿੱਛੇ ਰਹੀ, ਉਹ ਆਪਣੇ ਵਿਰਸੇ ਨੂੰ ਸੰਭਾਲਣ ਤੋਂ ਵੀ ਅਪਾਹਜ ਹੋ ਗਿਆ ਹੈ। ਅੱਜ ਦੀ ਨੌਜਵਾਨ ਪੀੜ੍ਹੀ ਦੁਆਰਾ ਆਪਣੇ ਅਨਮੋਲ ਵਿਰਸੇ ਨੂੰ ਭੁਲਾ ਕੇ, ਅੰਨ੍ਹੇਵਾਹ ਯੂਰਪੀਨ ਸੱਭਿਅਤਾ ਦੀ ਨਕਲ ਕੀਤੀ ਜਾ ਰਹੀ ਹੈ। ਸਿੱਖ ਨੌਜਵਾਨਾਂ ਵਿਚ ਕੇਸ ਕਟਾਉਣ ਅਤੇ ਦਸਤਾਰ ਦੀ ਥਾਂ ਟੋਪੀ ਪਾਉਣ ਦੀ ਪ੍ਰਵਿਰਤੀ ਇਸ ਤਰਸਯੋਗ ਹਾਲਤ ਦੀ ਪ੍ਰਤੱਖ ਮਿਸਾਲ ਹੈ।

ਦਸਤਾਰ ਸਿੱਖ ਦੀ ਸ਼ਾਨ ਹੈ ਅਤੇ ਇਹ ਉਸ ਦੀ ਇੱਜ਼ਤ-ਆਬਰੂ ਦਾ ਪ੍ਰਤੀਕ ਹੈ। ਸਾਡੇ ਸਮਾਜ ਵਿਚ ਦਸਤਾਰ ਜਾਂ ਪੱਗ ਨੂੰ ਹੱਥ ਪਾਉਣ, ਪੱਗ ਲਾਹੁਣ, ਪੱਗ ਰੋਲਣ, ਪੱਗ ਪੈਰੀਂ ਰੱਖਣ ਤੋਂ ਵੱਡੀ ਹੋਰ ਕੋਈ ਬੇ-ਇੱਜ਼ਤੀ ਨਹੀਂ ਹੈ। ਇਹ ਆਮ ਹੀ ਸੁਣਨ ਵਿਚ ਆਇਆ ਹੈ ਕਿ- 'ਦੇਖੀਂ! ਪੱਗ ਨੂੰ ਦਾਗ ਨਾ ਲਵਾ ਲਵੀਂ।' ਦਸਤਾਰ ਲਈ ਮਰ-ਮਿਟਣ ਵਾਲੇ ਸੂਰਮਿਆਂ ਦੀਆਂ ਵਾਰਤਾਵਾਂ ਆਮ ਪ੍ਰਚਲਤ ਹਨ। ਪਰ ਅਜੋਕੇ ਸਮੇਂ ਸਿੱਖ ਨੌਜਵਾਨਾਂ ਵੱਲੋਂ ਪੱਗ ਦੇ ਮਹੱਤਵ ਨੂੰ ਅਣਗੌਲਿਆ ਜਾ ਰਿਹਾ ਹੈ। ਆਪਣੀ ਅਮੀਰ ਵਿਰਾਸਤ ਦਾ ਤਿਆਗ ਕਰਕੇ ਪਰਾਇਆਂ ਦੀ ਨਕਲ ਕਰਨ ਵਿਚ ਫ਼ਖ਼ਰ ਮਹਿਸੂਸ ਕੀਤਾ ਜਾ ਰਿਹਾ ਹੈ। ਸਾਡੇ ਨੌਜਵਾਨਾਂ ਵਿਚ ਟੋਪੀ ਦੀ ਬੀਮਾਰੀ ਇਸੇ ਭੇਡ-ਚਾਲ ਦਾ ਸਿੱਟਾ ਹੈ ਜੋ ਕਿ ਮਾਨਸਿਕ ਗੁਲਾਮੀ ਦੀ ਨਿਸ਼ਾਨੀ ਹੈ।

ਪਹਿਲੇ ਪਾਤਸ਼ਾਹ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਲਾਮ ਮਾਨਸਿਕਤਾ ਵਾਲੇ ਲੋਕਾਂ ਨੂੰ ਝੰਜੋੜ ਕੇ, ਉਨ੍ਹਾਂ ਨੂੰ ਅਣਖ ਨਾਲ ਜੀਣ ਲਈ ਪ੍ਰੇਰਿਆ। ਆਪ ਜੀ ਨੇ ਉਨ੍ਹਾਂ ਹਿੰਦੁਸਤਾਨੀ ਲੋਕਾਂ ਨੂੰ ਸਖ਼ਤ ਲਾਹਨਤਾਂ ਪਾਈਆਂ ਜਿਹੜੇ ਵਿਦੇਸ਼ੀ ਹਾਕਮਾਂ ਦੀ ਖ਼ੁਸ਼ੀ ਹਾਸਲ ਕਰਨ ਲਈ ਆਪਣੀ ਬੋਲੀ, ਆਪਣੇ ਪਹਿਰਾਵੇ ਅਤੇ ਆਪਣੇ ਵਿਰਸੇ ਨੂੰ ਤਿਆਗ ਰਹੇ ਸਨ। ਆਪ ਜਾਣਦੇ ਸਨ ਕਿ ਇਹ ਪ੍ਰਵਿਰਤੀ ਮਾਨਸਿਕ ਗੁਲਾਮੀ ਦਾ ਕਾਰਨ ਬਣੇਗੀ ਜੋ ਕਿ ਰਾਜਸੀ ਗੁਲਾਮੀ ਤੋਂ ਕਿਤੇ ਵੱਧ ਮਾਰੂ ਹੈ। ਬਸੰਤ ਹਿੰਡੋਲ ਰਾਗ ਵਿਚ ਆਪ ਜੀ ਨੇ ਉਸ ਸਮੇਂ ਦੀ ਹਾਲਤ ਬਿਆਨ ਕੀਤੀ ਹੈ:

*ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥*
*ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥*
*ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥*
*ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥* (ਪੰਨਾ ੧੧੯੧)

ਅਜੋਕੇ ਸਮੇਂ ਪੱਛਮੀ ਸੱਭਿਅਤਾ ਦੀ ਨਕਲ ਕਰਨ ਵਾਲਿਆਂ ਨੂੰ ਕੀ ਕਿਹਾ ਜਾਵੇ, ਜਿਹੜੇ ਆਪਣੇ ਅਨਮੋਲ ਵਿਰਸੇ ਦਾ ਤਿਆਗ ਕਰਕੇ ਅੰਨ੍ਹੇਵਾਹ ਪੱਛਮੀ ਸੱਭਿਆਚਾਰ ਨੂੰ

* ਐਚ. ਆਈ. ਜੀ., # 225, ਫੇਜ਼-1, ਅਰਬਨ ਅਸਟੇਟ, ਪਟਿਆਲਾ।

ਧਾਰਨ ਕਰਨ ਵਿਚ ਫ਼ਖ਼ਰ ਮਹਿਸੂਸ ਕਰ ਰਹੇ ਹਨ? ਕੀ ਇਹ ਗ਼ੁਲਾਮ ਮਾਨਸਿਕਤਾ ਦਾ ਪ੍ਰਗਟਾਵਾ ਨਹੀਂ? ਜਿਹੜੀ ਕੌਮ ਆਪਣੀ ਬੋਲੀ, ਆਪਣਾ ਪਹਿਰਾਵਾ ਹੀ ਭੁੱਲ ਜਾਵੇ, ਯਕੀਨਨ ਹੀ ਉਹ ਗ਼ੁਲਾਮੀ ਦੀ ਖੱਡ ਵੱਲ ਵਧ ਰਹੀ ਹੈ। ਆਪਣੇ ਵਿਰਸੇ ਨੂੰ ਭੁਲਾ ਦੇਣ ਤੋਂ ਵੱਡੀ ਅਕ੍ਰਿਤਘਣਤਾ ਹੋਰ ਕਿਹੜੀ ਹੋ ਸਕਦੀ ਹੈ? ਕਿੰਨੀ ਹੈਰਾਨੀ ਦੀ ਗੱਲ ਹੈ ਕਿ ਹਿੰਦੁਸਤਾਨੀ ਲੋਕ ਰਾਜਨੀਤਕ ਤੌਰ 'ਤੇ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਹੋ ਗਏ ਹਨ ਪਰ ਮਾਨਸਿਕ ਤੌਰ 'ਤੇ ਅਜੇ ਵੀ ਗ਼ੁਲਾਮ ਤੁਰੇ ਆ ਰਹੇ ਹਨ। ਟੋਪੀ ਵੀ ਅੰਗਰੇਜ਼ੀ ਗ਼ੁਲਾਮੀ ਦਾ ਪ੍ਰਤੀਕ ਹੈ।

ਤਤਕਾਲੀ ਹਾਲਤਾਂ ਵਿਚ ਟੋਪੀ ਦੇ ਪ੍ਰਚੱਲਤ ਹੋਣ ਦਾ ਸਭ ਤੋਂ ਵੱਡਾ ਕਾਰਨ 'ਕ੍ਰਿਕਟ' ਦੀ ਖੇਡ ਹੈ। ਸਾਡੀ ਗ਼ੁਲਾਮ ਮਾਨਸਿਕਤਾ ਦਾ ਦਿਵਾਲਾ ਦੇਖਣਯੋਗ ਹੈ ਕਿ ਖੇਡਾਂ ਦਾ ਖੇਤਰ ਵੀ ਇਸ ਤੋਂ ਬਚ ਨਹੀਂ ਸਕਿਆ। ਅਸੀਂ ਆਪਣੀਆਂ ਦੇਸੀ ਖੇਡਾਂ ਨੂੰ ਤਿਲਾਂਜਲੀ ਦੇ ਕੇ ਵਿਦੇਸ਼ੀ ਖੇਡਾਂ 'ਤੇ ਫ਼ਖ਼ਰ ਮਹਿਸੂਸ ਕਰ ਰਹੇ ਹਾਂ। ਆਪਣੀਆਂ ਖੇਡਾਂ ਨੂੰ ਅੰਤਰਰਾਸ਼ਟਰੀ ਮਹੱਤਵ ਅਤੇ ਮਾਨਤਾ ਦਿਵਾਉਣ ਦੀ ਬਜਾਇ, ਵਿਦੇਸ਼ੀ ਖੇਡਾਂ ਨੂੰ ਅੰਤਰਰਾਸ਼ਟਰੀ ਖੇਡਾਂ ਤਸਲੀਮ ਕਰਨ ਦਾ ਭਰਮ ਸਾਡੀ ਮਾਨਸਿਕਤਾ 'ਤੇ ਭਾਰੂ ਹੈ। ਅੰਗਰੇਜ਼ਾਂ ਦੀ ਧਰਤੀ ਤੋਂ ਸ਼ੁਰੂ ਹੋਈ 'ਕ੍ਰਿਕਟ' ਦੀ ਖੇਡ ਇਸ ਵੇਲੇ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਕਰ ਚੁੱਕੀ ਹੈ। ਇਸ ਖੇਡ ਨੇ ਸਾਡੇ ਲੋਕਾਂ ਨੂੰ ਤਾਂ ਹੱਦ ਦਰਜੇ ਤਕ ਪਾਗਲ ਕਰ ਛੱਡਿਆ ਹੈ। ਅਖ਼ਬਾਰਾਂ, ਰੇਡੀਓ, ਟੀ.ਵੀ. ਮੀਡੀਏ ਵੱਲੋਂ ਇਸ ਖੇਡ ਨੂੰ ਲੋੜੋਂ ਵੱਧ ਮਿਲ ਰਹੇ ਮਹੱਤਵ ਤੋਂ ਪ੍ਰਭਾਵਿਤ ਹੋ ਕੇ, ਸਾਡੀ ਨਵੀਂ ਪੀੜ੍ਹੀ ਨੇ ਗਲੀਆਂ-ਮੁਹੱਲਿਆਂ ਨੂੰ ਖੇਡ ਦਾ ਮੈਦਾਨ ਬਣਾ ਧਰਿਆ ਹੈ। ਨੌਜਵਾਨਾਂ ਵਿਚ ਟੋਪੀ ਦੀ ਬੀਮਾਰੀ ਇਸੇ ਖੇਡ ਦਾ ਪ੍ਰਭਾਵ ਹੀ ਹੈ, ਜੋ ਕਿ ਹੌਲੀ-ਹੌਲੀ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਵਿਦੇਸ਼ੀ ਧਰਤੀ 'ਤੇ ਬੈਠੇ ਸਿੱਖ ਆਪਣੇ ਵਿਰਸੇ ਦੀ ਸਾਂਭ-ਸੰਭਾਲ ਬਾਰੇ ਡਾਢੇ ਚਿੰਤਤ ਹਨ। ਵਿਦੇਸ਼ਾਂ ਵਿਚ ਡ੍ਰਾਈਵਿੰਗ ਸਮੇਂ ਜਾਂ ਫੈਕਟਰੀਆਂ ਆਦਿ ਵਿਚ ਕੰਮ ਕਰਨ ਸਮੇਂ ਲੋਹ-ਟੋਪ ਪਹਿਨਣਾ ਲਾਜ਼ਮੀ ਹੈ, ਪਰ ਉਥੋਂ ਦੇ ਸਿੱਖ ਦਸਤਾਰ ਦੇ ਗੌਰਵ ਨੂੰ ਬਰਕਰਾਰ ਰੱਖਣ ਲਈ ਅਦਾਲਤੀ-ਸੰਘਰਸ਼ ਵਿਚ ਜੂਝ ਰਹੇ ਹਨ ਕਿ ਅਸੀਂ ਦਸਤਾਰ ਦੀ ਥਾਂ ਟੋਪੀ ਨਹੀਂ ਪਾਉਣੀ। ਇਸ ਵਿਚ ਉਨ੍ਹਾਂ ਸਫਲਤਾ ਵੀ ਪ੍ਰਾਪਤ ਕੀਤੀ ਹੈ, ਲੇਕਿਨ ਦੂਜੇ ਪਾਸੇ ਅਸੀਂ ਵਤਨ ਦੀ ਧਰਤੀ 'ਤੇ ਬੈਠ ਕੇ ਆਪਣੇ ਵਿਰਸੇ ਨੂੰ ਵਿਸਾਰਦੇ ਜਾ ਰਹੇ ਹਾਂ- ਦਸਤਾਰ ਦਾ ਤਿਆਗ ਕਰਕੇ ਟੋਪੀ ਪਹਿਨਣ ਵਿਚ ਮਾਣ ਮਹਿਸੂਸ ਕਰ ਰਹੇ ਹਾਂ। ਕੀ ਇਹ ਮਾਨਸਿਕ ਗ਼ੁਲਾਮੀ ਦੀ ਨਿਸ਼ਾਨੀ ਨਹੀਂ ਕਿ ਅਸੀਂ ਆਪਣੇ ਵਿਰਸੇ ਨੂੰ ਭੁਲਾ ਕੇ, ਅੰਨ੍ਹੇਵਾਹ ਪੱਛਮੀ ਸੱਭਿਆਚਾਰ ਦੀ ਨਕਲ ਕਰ ਰਹੇ ਹਾਂ?

ਇਥੇ ਇਹ ਗੱਲ ਸਾਨੂੰ ਸਪੱਸ਼ਟ ਤੌਰ 'ਤੇ ਕਬੂਲ ਕਰਨੀ ਪਵੇਗੀ ਕਿ ਅਸੀਂ ਆਪਣੀ ਨੌਜਵਾਨ ਪੀੜ੍ਹੀ ਦੇ ਮਨਾਂ ਅੰਦਰ ਆਪਣੇ ਅਨਮੋਲ ਵਿਰਸੇ ਦਾ ਗੌਰਵ *(Dignity)* ਨਹੀਂ ਭਰ ਸਕੇ। ਸਾਡੇ ਵਿਰਸੇ ਦਾ ਪ੍ਰਚਾਰ-ਪ੍ਰਸਾਰ ਉਸ ਪੱਧਰ 'ਤੇ ਨਹੀਂ ਹੋ ਸਕਿਆ, ਜਿਸ ਪੱਧਰ 'ਤੇ ਪੱਛਮੀ ਸੱਭਿਅਤਾ ਦਾ ਹੋ ਰਿਹਾ ਹੈ। ਵੈਸੇ ਤਾਂ ਫ਼ਿਲਮਾਂ, ਟੀ.ਵੀ. ਸੀਰੀਅਲਾਂ ਅਤੇ ਹੋਰ ਪ੍ਰੋਗਰਾਮਾਂ ਵਿਚ ਸਾਡੇ ਅਮੀਰ ਵਿਰਸੇ ਨੂੰ ਪਹਿਲਾਂ ਹੀ ਨਜ਼ਰ-ਅੰਦਾਜ਼ ਕੀਤਾ ਗਿਆ ਹੈ ਜਾਂ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ ਪਰ ਪਿਛਲੇ ਸਮੇਂ ਚਾਲੂ ਹੋਏ ਨਵੇਂ ਟੀ.ਵੀ. ਚੈਨਲਾਂ ਨੇ ਤਾਂ ਸਾਡੇ ਸਭਿਆਚਾਰ 'ਤੇ ਬੜਾ ਵੱਡਾ ਮਾਰੂ ਹਮਲਾ ਕੀਤਾ ਹੈ। ਇਸ ਹਮਲੇ ਦਾ ਜਵਾਬ ਉਸੇ

ਮੁਹਾਜ਼ *(front)* ਤੋਂ ਦੇਣਾ ਬਣਦਾ ਹੈ। ਕਾਸ਼! ਪੰਥ-ਦਰਦੀ ਇਸ ਬਾਰੇ ਸੰਜੀਦਗੀ ਅਤੇ ਸੁਹਿਰਦਤਾ ਨਾਲ ਮਿਲ-ਬੈਠ ਕੇ ਵਿਚਾਰ ਕਰਨ!

ਅੰਤ ਵਿਚ ਅਸੀਂ ਆਪਣੇ ਨੌਜਵਾਨ ਵੀਰਾਂ-ਭੈਣਾਂ ਨੂੰ ਵੀ ਕਹਿਣਾ ਚਾਹਾਂਗੇ ਕਿ ਆਪਣੇ ਅਮੀਰ ਵਿਰਸੇ ਨੂੰ ਭੁਲਾ ਕੇ, ਬਿਨਾਂ ਸੋਚੇ-ਸਮਝੇ ਦੂਜਿਆਂ ਦੀ ਨਕਲ ਕਰਨੀ ਸਿਆਣਪ ਨਹੀਂ ਸਗੋਂ ਮਾਨਸਿਕ ਗ਼ੁਲਾਮੀ ਦੀ ਨਿਸ਼ਾਨੀ ਹੈ। ਸਿੱਖ ਆਜ਼ਾਦ ਤਬੀਅਤ ਦਾ ਮਾਲਕ ਹੈ ਜੋ ਗ਼ੁਲਾਮੀ ਅਤੇ ਗ਼ੁਲਾਮੀ ਦੇ ਚਿੰਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਕਬੂਲ ਨਹੀਂ ਕਰਦਾ। ਅਣਖੀਲੇ ਨੌਜਵਾਨੋ! ਗੁਰੂ-ਪਾਤਸ਼ਾਹਾਂ ਨੇ ਸਾਡੇ ਖ਼ੂਨ ਵਿਚ ਅਣਖ ਅਤੇ ਗ਼ੈਰਤ ਦਾ ਜਜ਼ਬਾ ਭਰਿਆ ਹੈ। ਫ਼ੈਸਲਾ ਤੁਹਾਡੇ ਹੱਥ ਹੈ ਕਿ ਗ਼ੁਲਾਮੀ ਨੂੰ ਕਬੂਲਣਾ ਹੈ ਜਾਂ ਅਣਖ ਤੇ ਆਜ਼ਾਦੀ ਨਾਲ ਜੀਣਾ ਹੈ। ■

---

*(ਸਫਾ ੧੧ ਦਾ ਬਾਕੀ ਹਿੱਸਾ)*

ਹੈ। ਪਗੜੀ ਜੁਗਰਾਫ਼ੀਆ ਵੀ ਸਮਝਾ ਦਿੰਦੀ ਹੈ, ਕਾਰੋਬਾਰ ਵੀ, ਵਿੱਦਿਆ ਵੀ ਤੇ ਸਮਾਜਿਕ ਪਿਛੋਕੜ ਵੀ।

ਸਿੱਖ ਇਤਿਹਾਸ ਵਿਚ ਪੱਗ ਬੰਨ੍ਹਣ ਦੇ ਤੌਰ-ਤਰੀਕੇ ਬਦਲਦੇ ਰਹੇ ਹਨ ਪਰੰਤੂ ਪੱਗ ਸਬੰਧੀ ਮੁੱਢਲੇ ਨਿਯਮ ਹਮੇਸ਼ਾਂ ਕਾਇਮ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁਰਾਤਨ ਚਿੱਤਰਾਂ ਵਿਚ ਪਠਾਨੀ ਕਿਸਮ ਦੀ ਦਸਤਾਰ ਪਹਿਨੀ ਹੋਈ ਹੈ ਜਦੋਂ ਕਿ ਆਧੁਨਿਕ ਕਾਲ ਵਿਚ ਚਿੱਤਰਕਾਰਾਂ ਨੇ ਇਸ ਵਿਚ ਤਬਦੀਲੀ ਲੈ ਆਂਦੀ ਹੈ। ਪੰਜਵੀਂ ਪਾਤਸ਼ਾਹੀ ਤਕ ਮੁਗ਼ਲ ਅਦਾਲਤਾਂ ਵਿਚ ਪੱਗਾਂ ਦਾ ਰਾਜਪੂਤ ਸਟਾਈਲ ਆ ਚੁੱਕਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਇਹੀ ਸਟਾਈਲ ਅਪਣਾਇਆ। ਨਿਹੰਗ ਸਿੰਘਾਂ ਨੇ ਆਪਣਾ ਨਿਵੇਕਲਾ ਹੀ ਢੰਗ ਅਖ਼ਤਿਆਰ ਕਰ ਲਿਆ। ਮੌਜੂਦਾ ਸਟਾਈਲ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀਆਂ ਵਾਲਾ ਹੈ।

'ਇਨਸਾਈਕਲੋਪੀਡੀਆ ਆਫ ਬਰਟੈਨਿਕਾ' ਹਿੰਦੁਸਤਾਨੀ ਪੱਗ ਦੀ ਗੱਲ ਕਰਦਿਆਂ ਕਈ ਪੱਗ-ਸਟਾਈਲਾਂ ਦਾ ਜ਼ਿਕਰ ਕਰਦਾ ਹੈ। ਪੱਗ ਬੰਨ੍ਹਣ ਦੇ ਢੰਗ ਅਨੁਸਾਰ ਇਸ ਨੂੰ ਵਿਸ਼ੇਸ਼ ਨਾਂ ਦਿੱਤਾ ਗਿਆ ਹੈ। ਪੱਗ ਅਰਬੀ ਹੋ ਸਕਦੀ ਹੈ, ਮਨਸਬੀ ਹੋ ਸਕਦੀ ਹੈ, ਮੁਸੈਖੀ ਹੋ ਸਕਦੀ ਹੈ, ਚਕਰੀਦਾਰ ਹੋ ਸਕਦੀ ਹੈ ਤੇ ਖਿੜਕੀਦਾਰ ਵੀ। ਪੱਗ ਲਾਟੂਦਾਰ ਵੀ ਹੋ ਸਕਦੀ ਹੈ, ਜੋੜੀਦਾਰ ਵੀ, ਸਿਪਰਾਲੀ ਵੀ, ਮੁੜੱਸਾ ਵੀ ਤੇ ਲਟਾਪਟੀ ਵੀ। ਇਕ ਅੰਗਰੇਜ਼ ਵਿਦਵਾਨ ਅਨੁਸਾਰ ਪੂਰਬੀ ਮੁਲਕਾਂ ਵਿਚ ਪੱਗ ਬੰਨ੍ਹਣ ਦੇ ਘੱਟੋ-ਘੱਟ ੧੦੦੦ ਸਟਾਈਲ ਹਨ।

੧੬੯੯ ਦੀ ਵਿਸਾਖੀ ਤੋਂ ਬਾਅਦ ਭਾਵ ਜਦੋਂ ਤੋਂ ਦਸਤਾਰ ਸਿੱਖਾਂ ਦੇ ਧਾਰਮਿਕ ਚਿੰਨ੍ਹ ਵਜੋਂ ਉਭਰ ਕੇ ਹੋਂਦ ਵਿਚ ਆਈ ਹੈ, ਉਦੋਂ ਤੋਂ ਅੱਜ ਤਕ ਪੱਗ ਦਾ ਸਫ਼ਰ ਬੜਾ ਗੌਰਵਮਈ ਵੀ ਰਿਹਾ ਹੈ, ਪਰ ਦੁਸ਼ਵਾਰੀਆਂ ਭਰਪੂਰ ਵੀ। ਇਸ ਨੂੰ ਆਪਣੀ ਹੋਂਦ ਬਰਕਰਾਰ ਰੱਖਣ ਲਈ ਬੜੇ ਸੰਘਰਸ਼ਾਂ ਵਿੱਚੋਂ ਲੰਘਣਾ ਪਿਆ ਹੈ। ਸਮੇਂ-ਸਮੇਂ 'ਤੇ ਪੱਗ ਨਾਲ ਜੁੜੀ ਪਹਿਚਾਣ ਨੂੰ ਤਹਿਸ-ਨਹਿਸ ਕਰਨ ਦੇ ਯਤਨ ਦੇਸ਼ ਦੇ ਅੰਦਰ ਵੀ ਹੁੰਦੇ ਰਹੇ ਹਨ ਤੇ ਬਾਹਰ ਵੀ ਭਾਵੇਂ ਕਿ ਉਨ੍ਹਾਂ ਦੇ ਕਾਰਨ ਵੱਖ-ਵੱਖ ਰਹੇ ਹਨ। ■

# ਦਸਤਾਰ ਦੀ ਕਹਾਣੀ ਦਸਤਾਰ ਦੀ ਜ਼ੁਬਾਨੀ

*-ਸ. ਜਸਵਿੰਦਰ ਸਿੰਘ ਐਡਵੋਕੇਟ**

ਮੈਂ ਦਸਤਾਰ ਹਾਂ.... ਹਾਂ ਤਾਂ ਮੈਂ ਕੁਝ ਕੁ ਗਜ਼ ਕੱਪੜਾ.... ਪਰ ਮੇਰੀ ਪਹਿਚਾਣ ਇੱਜ਼ਤ ਅਤੇ ਅਣਖ ਦੇ ਨਾਲ ਕੀਤੀ ਜਾਂਦੀ ਹੈ। ਮੇਰੀ ਦਾਸਤਾਨ ਸਦੀਆਂ ਪੁਰਾਣੀ ਹੈ। ਮਨੁੱਖੀ ਲਿਬਾਸ ਦਾ ਸ਼ਾਇਦ ਹੀ ਕੋਈ ਬਸਤਰ ਮੇਰੇ ਜਿੰਨੀ ਮਹਾਨਤਾ ਰੱਖਦਾ ਹੋਵੇ ਅਤੇ ਸ਼ਾਇਦ ਹੀ ਕਿਸੇ ਹੋਰ ਅੰਗ-ਬਸਤਰ ਨੂੰ ਮੇਰੇ ਵਾਂਗ ਆਪਣੀ ਗ਼ੈਰਤ ਤੇ ਹੋਂਦ ਬਣਾਈ ਰੱਖਣ ਵਾਸਤੇ ਸੰਘਰਸ਼ ਕਰਨਾ ਪਿਆ ਹੋਵੇ। ਇੱਜ਼ਤ-ਆਬਰੂ ਨਾਲ ਸੰਬੰਧ ਰੱਖਣ ਵਾਲੇ ਹਰ ਇਤਿਹਾਸਕ ਪੰਨੇ ਨੂੰ ਮੈਂ ਆਪਣੀ ਅੱਖੀਂ ਵੇਖਿਆ ਹੀ ਨਹੀਂ ਸਗੋਂ ਪਿੰਡੇ 'ਤੇ ਹੰਢਾਇਆ ਵੀ ਹੈ। ਮੈਨੂੰ ਈਰਾਨੀਆਂ ਨੇ ਵੀ ਬੰਨ੍ਹਿਆ ਅਤੇ ਦੁਰਾਨੀਆਂ ਨੇ ਵੀ। ਮੈਨੂੰ ਅਫਗਾਨੀਆਂ ਨੇ ਵੀ ਬੰਨ੍ਹਿਆ ਅਤੇ ਤੁਰਕਾਂ ਨੇ ਵੀ। ਸ਼ਹਿਨਸ਼ਾਹਾਂ ਨੇ ਰਾਜਗੱਦੀ ਸੰਭਾਲਣ ਸਮੇਂ ਮੈਨੂੰ ਤਾਜ ਵਜੋਂ ਵੀ ਮਾਣਿਆ। ਮੈਂ ਲੋਕਾਂ ਦੀ ਅਪਣੱਤ ਭਰੀ ਸਾਂਝ ਵਾਸਤੇ ਵੀ ਇਕ ਕੜੀ ਦਾ ਰੋਲ ਅਦਾ ਕਰਨ ਦਾ ਮਾਣ ਹਾਸਲ ਕਰਦੀ ਆਈ ਹਾਂ। ਸਮਾਜ ਵਿਚ ਕਿਸੇ ਵੀ ਸਿਰ ਤੋਂ ਮੇਰਾ ਅਲੱਗ ਹੋ ਜਾਣਾ ਅਪਮਾਨ ਯੋਗ ਅਤੇ ਅਪਸ਼ਗਨ ਮੰਨਿਆ ਜਾਂਦਾ ਸੀ। ਸਭ ਤੋਂ ਵਧੀਕ ਸਤਿਕਾਰਤ ਚੀਜ਼ਾਂ ਵਿਚ ਮੇਰਾ ਸ਼ੁਮਾਰ ਹੋਣ ਕਰਕੇ ਇਸ ਸਭ ਕਾਸੇ ਨੂੰ ਹੀ ਮੈਂ ਆਪਣੇ ਜੀਵਨ ਦਾ ਅੰਤਲਾ ਡੰਡਾ ਮੰਨ ਲਿਆ। ਪਰ ਜਦੋਂ ਪੰਦ੍ਰਵੀਂ ਸਦੀ ਵਿਚ ਮੇਰੀ ਹੋਂਦ ਨੇ ਬੱਝਣ ਤੋਂ ਸਜਣ ਦਾ ਸਫਰ ਤੈਅ ਕੀਤਾ ਤਾਂ ਇਹ ਮੇਰੇ ਸਨਮਾਨ ਦਾ ਸਿਖ਼ਰ ਸੀ। ਅਸਲ ਵਿਚ ਇਥੋਂ ਹੀ ਮੇਰੀ ਜ਼ਿੰਦਗੀ ਦਾ ਬਿਹਤਰੀਨ ਅਤੇ ਸੁਨਿਹਰੀ ਸਮਾਂ ਅਰੰਭ ਹੁੰਦਾ ਹੈ ਜਦੋਂ ਮੈਂ ਪੂਰਨਤਾ ਨੂੰ ਪ੍ਰਾਪਤ ਕੀਤਾ।.... ਆਦਿ ਖ਼ੁਦਾਈ ਨੂਰ ਦੀ ਜੋਤ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਮੈਨੂੰ ਆਪਣੇ ਸੀਸ 'ਤੇ ਸਜਾਇਆ ਤਾਂ ਮੇਰੀ ਰੂਹ ਨੇ ਅਨੰਦਿਤ ਖ਼ਜਾਨੇ ਦੀ ਅਮੀਰੀ ਨੂੰ ਪਾ ਲਿਆ। ਮੇਰੀਆਂ ਰਗਾਂ ਵਿਚ ਖ਼ੂਨ ਦੌੜ ਉਠਿਆ ਅਤੇ ਮੈਨੂੰ ਆਪਣੇ ਜਿਸਮ 'ਚ ਪਹਿਲੀ ਵਾਰ ਜਾਨ ਮਹਿਸੂਸ ਹੋਈ। ਵੱਡੀਆਂ ਦਾਤਾਂ ਦੇ ਬਖਸ਼ਿੰਦ ਦਾਤੇ ਨੇ ਮੇਰੀ ਵਡੱਤਣ ਵਿਚ ਹੋਰ ਇਜ਼ਾਫਾ ਕੀਤਾ। ਉਨ੍ਹਾਂ ਆਪਣੇ ਹਜ਼ੂਰੀ ਸਿੱਖ ਭਾਈ ਮਰਦਾਨਾ ਜੀ ਰਾਹੀਂ ਸਮੂਹ ਅਨੁਆਈਆਂ ਨੂੰ ਆਦੇਸ਼ ਦਿੱਤਾ- "ਦਸਤਾਰ ਨੂੰ ਆਪੇ ਤੋਂ ਜੁਦਾ ਨਾ ਕਰਨਾ!"

ਮੈਨੂੰ ਜਦੋਂ ਗੁਰੂ-ਘਰ ਵਿਚ ਅਨਿੰਨ ਸੇਵਾ ਕਰਨ ਦੇ ਇਵਜ਼ਾਨੇ ਵਜੋਂ ਕਿਸੇ ਦੇ ਸਤਿਕਾਰ ਲਈ ਬਖਸ਼ਿਸ਼ ਕੀਤਾ ਜਾਂਦਾ, ਤਾਂ ਮੈਨੂੰ ਰਾਜਿਆਂ ਦੇ ਸਿਰ ਨਾਲੋਂ ਵੀ ਵਧ ਕੇ ਸਵੈਮਾਣ ਤੇ ਫ਼ਖ਼ਰ ਹੁੰਦਾ। ਗੁਰੂ ਨਾਨਕ ਪਾਤਸ਼ਾਹ ਜੀ ਦੇ ਦਰ ਤੋਂ ਮੈਂ ਸਰੀਰ ਦਾ ਅੰਗ ਹੋ ਨਿੱਬੜੀ।

ਗੁਰਬਾਣੀ ਵਿਚ "ਸਾਬਤ ਸੂਰਤਿ ਦਸਤਾਰ ਸਿਰਾ" ਫ਼ੁਰਮਾਨ ਕਰ ਕੇ ਮੈਨੂੰ ਵਡਿਆਉਣ ਤੇ ਹਮੇਸ਼ਾਂ ਲਈ ਅਮਰ ਕਰ ਦੇਣ ਵਾਲੇ ਪੰਜਵੇਂ ਸਤਿਗੁਰੂ ਜੀ ਨਾਲ ਜਦ ਮੈਂ ਤੱਤੀ ਤਵੀ 'ਤੇ ਬੈਠੀ, ਤਾਂ ਉਬਲਦੀ ਦੇਗ, ਸੜਦੀ ਰੇਤ, ਤਪਦੀ ਲੋਹ 'ਤੇ ਬੈਠੇ ਹੋਣ ਦੇ ਬਾਵਜੂਦ ਵੀ ਉਸ ਹਿਰਦੇ 'ਚ ਵਰਤ ਰਹੀ ਠੰਡ ਅਤੇ ਅਡੋਲਤਾ ਨੂੰ ਮੈਂ ਵੀ ਨੇੜਿਉਂ ਮਹਿਸੂਸ ਕੀਤਾ। ਜਿਸ ਵਕਤ ਮੈਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਗ ਲੱਗ ਕੇ ਸੱਚੇ ਤਖ਼ਤ 'ਤੇ ਬਿਰਾਜਮਾਨ ਹੁੰਦੀ, ਤਾਂ ਚਰਚਾ

**ਮੈਂਬਰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ, ਫੋਨ: ੯੮੧੪੮-੯੮੮੦੨, ੯੮੧੪੮-੯੮੮੦੫*

ਚਲਦੀ "ਪੱਗ ਤੇਰੀ, ਕੀ ਜਹਾਂਗੀਰ ਦੀ!" ਮੈਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ 'ਤੇ ਸਜੀ ਹੋਈ ਨੇ ਚਾਂਦਨੀ ਚੌਂਕ ਵਿਚ ਕਿਸੇ ਦਾ ਧਰਮ ਬਚਾਉਣ ਖ਼ਾਤਰ ਆਪਣਾ ਸੀਸ ਕਟਵਾ ਲੈਣ ਵਾਲਾ ਨਜ਼ਾਰਾ ਵੀ ਨੇੜੇ ਹੋ ਕੇ ਵੇਖਿਆ। ਮੇਰੀ ਅਣਖ ਅਤੇ ਸ਼ਾਨ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਪੂਰੇ ਸੰਸਾਰ ਵਿਚ ਦਸਤਾਰ-ਏ-ਖਾਲਸਾ ਵਜੋਂ ਮਾਨਤਾ ਦਿਵਾਈ।

ਚਮਕੌਰ ਦੀ ਗੜ੍ਹੀ 'ਚ ਮੇਰੀ ਸਵੈਮਾਣਤਾ ਲਈ ਲੜੀ ਜੰਗ ਸੰਸਾਰ ਦੇ ਇਤਿਹਾਸ ਦੀ ਅਨੋਖੀ ਅਤੇ ਅਸਾਵੀਂ ਜੰਗ ਹੋ ਨਿੱਬੜੀ—

*"ਲੈ ਜਾਓ ਸਿਧਾਰੋ! ਤੁਮੇਂ ਕਰਤਾਰ ਕੋ ਸੌਂਪਾ!....*
*ਰੱਬ ਕੋ ਨ ਬਿਸਾਰੋ ਤੁਮੇਂ ਕਰਤਾਰ ਕੋ ਸੌਂਪਾ।*
*ਸਿੱਖੀ ਕੋ ਉਭਾਰੋ ਤੁਮੇਂ ਕਰਤਾਰ ਕੋ ਸੌਂਪਾ!*
*ਵਾਹਿਗੁਰੂ ਅਬ ਜੰਗ ਕੀ ਹਿੰਮਤ ਤੁਮ੍ਹੇਂ ਬਖਸ਼ੇ!"*

*"ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤ੍ਰਾ ਕੇ ਲਿਯੇ।*
*ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲਿਯੇ।*
*ਚਮਕ ਹੈ ਮਿਹਰ ਕੀ ਚਮਕੌਰ! ਤੇਰੇ ਜ਼ੱਰੋਂ ਮੇਂ।*
*ਯਹੀਂ ਸੇ ਬਨ ਕੇ ਸਤਾਰੇ ਗਏ ਸਮਾ ਕੇ ਲਿਯੇ।"*

ਦਸਮੇਸ਼ ਪਿਤਾ ਜੀ ਦੇ ਮਾਸੂਮ ਬੱਚਿਆਂ ਨਾਲ ਜਦੋਂ ਮੈਂ ਨੀਹਾਂ ਵਿਚ ਚਿਣੀ ਗਈ, ਤਾਂ ਉਹ ਬੇਜਾਨ ਨੀਹਾਂ ਵੀ ਸਾਹਿਬਜ਼ਾਦਿਆਂ ਦੀਆਂ ਅਣਖੀ ਰੂਹਾਂ ਨੇ ਜਿਵਾ ਦਿੱਤੀਆਂ—

*ਪ੍ਯਾਰੇ ਸਰੋਂ ਪ: ਨਨ੍ਹੀ ਸੀ ਕਲਗੀ ਸਜਾ ਤੋ ਲੂੰ।*
*ਮਰਨੇ ਸੇ ਪਹਲੇ ਤੁਮ ਕੋ ਦੂਲ੍ਹਾ ਬਨਾ ਤੋ ਲੂੰ।*

ਬਾਬਾ ਦੀਪ ਸਿੰਘ ਜੀ ਬਾਰੇ ਮੈਂ ਕੀ ਦੱਸਾਂ, ਕੀ ਕਹਾਂ ਭਾਈ ਮਨੀ ਸਿੰਘ ਜੀ ਬਾਰੇ, ਕੀ ਕਹਿ ਕੇ ਗੁਣ ਗਾਵਾਂ ਬਾਬਾ ਬੰਦਾ ਸਿੰਘ ਬਹਾਦਰ ਦੇ। ਕੀ ਗੱਲ ਕਰਾਂ ਮੀਰ ਮੰਨੂੰ ਦੀ ਜੇਲ੍ਹ ਅੰਦਰ ਜੂਝਦੇ ਸਿੰਘ, ਸਿੰਘਣੀਆਂ ਅਤੇ ਬੱਚਿਆਂ ਦੀ, ਕਿਵੇਂ ਬਿਆਨ ਕਰਾਂ ਅਕਾਲੀ ਫੂਲਾ ਸਿੰਘ ਜੀ ਦੀ ਲਾਸਾਨੀ ਸ਼ਖ਼ਸੀਅਤ ਅਤੇ ਜਾਂਬਾਜ ਜੁਝਾਰੂ ਹਰੀ ਸਿੰਘ ਨਲੂਆ ਬਾਰੇ? ਜਦੋਂ ਵੀ ਕਿਸੇ ਨੇ ਮੇਰੇ ਸਰੀਰ ਨਾਲੋਂ ਮੈਨੂੰ ਵੱਖਰਾ ਕਰਨ ਲਈ ਤਾਕਤ ਅਜ਼ਮਾਈ ਤਾਂ ਮੇਰੇ ਸਰੀਰ ਨੇ ਮੇਰਾ ਸਨਮਾਨ ਆਪਣੀ ਜਾਨ ਤੋਂ ਵਧ ਕੇ ਨਿਭਾਇਆ।

...ਪਰ ਹੁਣ, ਜਿਨ੍ਹਾਂ ਦੇ ਸੀਸਾਂ 'ਤੇ ਮੈਂ ਸਰਦਾਰੀ ਦਾ ਚਿੰਨ੍ਹ ਹਾਂ ਜਦੋਂ ਉਨ੍ਹਾਂ ਦੇ ਹੀ ਘਰਾਂ 'ਚੋਂ ਕੁਝ ਬੱਚਿਆਂ ਨੇ ਫੋਕੀ ਸ਼ਾਨ ਦੀ ਖ਼ਾਤਰ ਝੂਠੇ ਤਲਿਸਮ ਕਰਕੇ ਮੇਰਾ ਤਿਆਗ ਕੀਤਾ ਤੇ ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਜੋ ਇਤਿਹਾਸਕ ਸੱਚ ਮੈਂ ਦੇਖਿਐ, ਉਹ ਇਨ੍ਹਾਂ ਬੱਚਿਆਂ ਤਕ ਪੁੱਜਦਾ ਹੀ ਨਹੀਂ ਕੀਤਾ ਗਿਆ।

ਅੱਜ ਵੀ ਹਨ ਉਹ ਸੂਰਮੇ, ਜਿਨ੍ਹਾਂ ਦੇ ਸੀਸ ਉੱਤੇ ਰਾਜ ਨਾ ਹੋਣ 'ਤੇ ਵੀ ਮੇਰੀ ਬਾਦਸ਼ਾਹਤ ਦਾ ਅਹਿਸਾਸ ਕਦੇ ਵੀ ਨਹੀਂ ਮਰਿਆ।

"ਐ ਖਾਲਸਾ ਜੀ! ਤੁਹਾਡੇ ਸਰਦਾਰ ਅਖਵਾਉਣ ਵਿਚ ਕੁਝ ਮੇਰਾ ਵੀ ਅਧਿਕਾਰ ਹੈ। ਸਮਾਜਿਕ ਤੇ ਧਾਰਮਿਕ ਰਸਮਾਂ ਵਿਚ ਅਜੇ ਵੀ ਮੇਰਾ ਸਤਿਕਾਰ ਹੈ। ਚੰਗੀ ਸ਼ਖ਼ਸੀਅਤ ਦੀ ਪਹਿਚਾਣ, ਗੁਫ਼ਤਾਰ, ਰਫ਼ਤਾਰ ਤੇ ਦਸਤਾਰ ਹੈ।"

■

# ਦਸਤਾਰਧਾਰੀ ਸਿੱਖ
# ਜਿਨ੍ਹਾਂ ਫਰਾਂਸ ਦੀ ਆਜ਼ਾਦੀ ਲਈ ਜਾਨਾਂ ਵਾਰੀਆਂ

*-ਸ. ਵਰਿੰਦਰ ਸਿੰਘ**

ਇਤਿਹਾਸ ਦੇ ਅਣਫਰੋਲੇ ਵਰਕੇ ਪਰਤਦਿਆਂ ਅੱਖਾਂ ਨਮ ਹੋ ਜਾਂਦੀਆਂ ਹਨ ਅਤੇ ਸਿੱਖ ਫੌਜੀਆਂ ਦੀ ਦਿੱਤੀ ਕੁਰਬਾਨੀ ਅੱਗੇ ਸਿਰ ਝੁਕਦਾ ਹੈ। ਫੌਜੀ ਜਵਾਨਾਂ ਦੀ ਆਪਣੇ ਕਰਤੱਵ ਪ੍ਰਤੀ ਦਿਆਨਤਦਾਰੀ ਦੀਆਂ ਸੈਂਕੜੇ ਮਿਸਾਲਾਂ ਇੰਗਲੈਂਡ, ਬੈਲਜ਼ੀਅਮ ਤੇ ਕਈ ਹੋਰ ਯੂਰਪੀਨ ਮੁਲਕਾਂ ਦੇ ਅਜਾਇਬ ਘਰਾਂ ਵਿਚ ਸਾਂਭੀਆਂ ਪਈਆਂ ਹਨ। ਇਕ ਦੁਰਲੱਭ ਪੋਸਟ ਕਾਰਡ ਵਿਚ ਬੈਲਜ਼ੀਅਮ ਦੀ ਇਕ ਇਸਤਰੀ ਸਿੱਖ ਫੌਜੀਆਂ ਦੀ ਵਰਦੀ 'ਤੇ ਗੁਲਾਬ ਦਾ ਫੁੱਲ ਟੰਗ ਰਹੀ ਹੈ। ਦੂਜੇ ਪੋਸਟ ਕਾਰਡ ਦੀ ਕੈਪਸ਼ਨ 'ਤੇ ਲਿਖਿਆ ਹੈ ਕਿ "ਘਬਰਾਉਣ ਦੀ ਲੋੜ ਨਹੀਂ, ਹੁਣ ਇਹ ਜੁਝਾਰੂ ਸਿੱਖ ਆ ਗਏ ਨੇ, ਜਿਨ੍ਹਾਂ ਜੰਗ ਦਾ ਰੁਖ਼ ਮੋੜ ਦੇਣਾ ਏ।" ਕੀ ਅਜਿਹੇ ਵਿਸ਼ੇਸ਼ਣ ਇਕ ਭਾਈਚਾਰੇ ਦੀ ਸਰਦਾਰੀ ਤੇ ਬਹਾਦਰੀ ਨੂੰ ਪ੍ਰਣਾਮ ਨਹੀਂ ਕਰ ਰਹੇ? ਇਹ ਅਨੂਠੇ ਪੋਸਟਰ ਤੇ ਦੁਰਲੱਭ ਚਿੱਤਰ ਹਾਲੈਂਡ ਵਸਨੀਕ ਸ. ਭੁਪਿੰਦਰ ਸਿੰਘ ਦੀ ਕਈ ਵਰ੍ਹਿਆਂ ਦੀ ਮਿਹਨਤ ਤੋਂ ਬਾਅਦ ਦ੍ਰਿਸ਼ਟੀਗੋਚਰ ਹੋਏ ਹਨ। ਇਹ ਵੀ ਸ਼ੁਕਰ ਹੈ ਕਿ ਉਨ੍ਹਾਂ ਦਿਨਾਂ ਵਿਚ ਕੈਮਰਾ ਨਵਾਂ ਆਇਆ ਸੀ, ਜਿਸ ਦਾ ਸੰਸਾਰ ਯੁੱਧ ਦੌਰਾਨ ਇਸਤੇਮਾਲ ਅੰਗਰੇਜ਼ ਫੌਜੀਆਂ ਨੇ ਖੁੱਲ੍ਹ ਕੇ ਕੀਤਾ ਸੀ, ਨਹੀਂ ਤਾਂ ਸਿੱਖ ਸਿਪਾਹੀਆਂ ਦਾ ਡੁੱਲ੍ਹਿਆ ਖ਼ੂਨ ਸ਼ਾਇਦ ਯਾਦ ਵੀ ਨਾ ਰਹਿੰਦਾ।

ਇਹ ਗੱਲ ਦਰੁਸਤ ਹੈ ਕਿ ਇਹ ਫੌਜੀ ਰੋਜ਼ੀ-ਰੋਟੀ ਖ਼ਾਤਰ ਅੰਗਰੇਜ਼ ਸਰਕਾਰ ਦੇ ਹੁਕਮ 'ਤੇ ਵਿਸ਼ਵ ਜੰਗ ਵਿਚ ਜਰਮਨੀ ਤੇ ਉਸ ਦੇ ਸੰਗੀ ਦੇਸ਼ਾਂ ਖਿਲਾਫ਼ ਲੜਨ ਗਏ। ਪਰੰਤੂ ਇਹ ਦਲੀਲ ਦੇ ਕੇ ਸਿੱਖ ਫੌਜੀਆਂ ਦੀ ਕੁਰਬਾਨੀ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਉਸ ਵੇਲੇ ਤਾਂ ਸਾਰਾ ਹੀ ਦੇਸ਼ ਗੁਲਾਮ ਸੀ ਤੇ ਸਭ ਕੌਮਾਂ ਦੇ ਵਿਅਕਤੀ ਅੰਗਰੇਜ਼ਾਂ ਦੇ ਕਿਸੇ ਨਾ ਕਿਸੇ ਮਹਿਕਮੇ ਵਿਚ ਨੌਕਰ ਸਨ।

ਪਹਿਲੀ ਸੰਸਾਰ ਜੰਗ (੧੯੧੪-੧੮) ਵਿਚ ਬੈਲਜ਼ੀਅਮ ਦੀ ਆਜ਼ਾਦੀ ਲਈ ਆਪਣੀਆਂ ਵਡਮੁੱਲੀਆਂ ਜਾਨਾਂ ਦੀ ਕੁਰਬਾਨੀ ਦੇਣ ਵਾਲਿਆਂ ਵਿੱਚੋਂ ਬਹੁਤਾਤ ਲਾਹੌਰ ਤੇ ਮੇਰਠ ਡਿਵੀਜ਼ਨ (ਖਾਸ ਤੌਰ 'ਤੇ ੪੭ਵੀਂ ਸਿੱਖ ਰੈਜੀਮੈਂਟ) ਦੀ ਸੀ। ਇਸ ਤੋਂ ਇਲਾਵਾ ਫਰਾਂਸ 'ਚ ਲੜ ਕੇ ਜਾਨਾਂ ਵਾਰਨ ਵਾਲੇ ਫੌਜੀ, ਅਜੇ ਵੀ ਉਨ੍ਹਾਂ (ਬੈਲਜ਼ੀਅਮ ਤੇ ਫਰਾਂਸੀਸੀ) ਲੋਕਾਂ ਦੇ ਚੇਤਿਆਂ ਵਿਚ ਤਰੋ-ਤਾਜ਼ਾ ਹਨ। ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਹਾਲੈਂਡ ਚੈਪਟਰ ਦੇ ਪ੍ਰਧਾਨ ਸ. ਭੁਪਿੰਦਰ ਸਿੰਘ ਦੁਨੀਆਂ ਦੇ ਪ੍ਰਸਿੱਧ ਅਜਾਇਬ ਘਰਾਂ, ਈਪਰ (ਬੈਲਜ਼ੀਅਮ), ਇੰਪੀਰੀਅਲ ਵਾਰ ਮਿਊਜ਼ੀਅਮ (ਲੰਡਨ) ਅਤੇ ਮਹਾਰਾਜਾ ਦਲੀਪ ਸਿੰਘ ਟਰੱਸਟ (ਇੰਗਲੈਂਡ) ਦੇ ਰਿਣੀ ਹਨ ਜਿਨ੍ਹਾਂ ਨੇ ਸਿੱਖ ਜੁਝਾਰੂਆਂ ਦੀਆਂ ਮੈਦਾਨ-ਏ-ਜੰਗ

*ਸਟਾਫ਼ ਰੀਪੋਰਟਰ, ਪੰਜਾਬੀ ਟ੍ਰਿਬਿਊਨ।

ਦੀਆਂ ਤਸਵੀਰਾਂ ਅਤੇ ਜਾਣਕਾਰੀ ਮੁਹੱਈਆ ਕਰਵਾਈ। ਇਕ ਤਸਵੀਰ ਵਿਚ ਅੰਮ੍ਰਿਤਧਾਰੀ ਸਿੱਖ ਫੌਜੀ ਕੀਰਤਨ ਕਰਦੇ ਅਤੇ ਦੂਜੀ 'ਚ ਇਸ਼ਨਾਨ ਕਰਦੇ ਦਿਖਾਈ ਦਿੰਦੇ ਹਨ। ਇਕ ਹੋਰ ਚਿੱਤਰ ਵਿਚ ਸਿੱਖ ਸਿਪਾਹੀ ਕਿਰਪਾਨਾਂ ਨਾਲ ਫਲੈਗ ਮਾਰਚ ਕਰ ਰਹੇ ਹਨ।

ਹਰ ਸਾਲ ੧੫ ਨਵੰਬਰ ਨੂੰ ਬੈਲਜ਼ੀਅਮ ਦੇ ਆਜ਼ਾਦੀ ਦਿਵਸ ਮੌਕੇ ਸਿੱਖ ਯੋਧਿਆਂ ਦੀ ਕੁਰਬਾਨੀ ਨੂੰ ਯਾਦ ਕੀਤਾ ਜਾਂਦਾ ਹੈ। ਇਹ ਸਿੱਖ ਫੌਜੀ ਸਨ ਜਿਨ੍ਹਾਂ ਵਿਸ਼ਵ ਜੰਗ ਦਾ ਮੁਹਾਣ ਮੋੜ ਕੇ ਯੂਰਪ ਨੂੰ ਆਜ਼ਾਦੀ ਦਿਵਾਈ। ਵਿਦੇਸ਼ੀ ਇਤਿਹਾਸਕਾਰਾਂ ਨੇ ਉਨ੍ਹਾਂ ਦੇ ਕੁਰਬਾਨੀ ਭਰੇ ਜਜ਼ਬੇ ਨੂੰ ਉਨਾਬ੍ਰੀ ਅੱਖਰਾਂ ਵਿਚ ਲਿਖਿਆ ਹੈ। ਬੈਲਜ਼ੀਅਮ ਦੀ ਕੌਮੀ ਯਾਦਗਾਰ, ਮੈਨਨ ਗੇਟ 'ਤੇ ਵੀ ਸਿੱਖ ਫੌਜੀਆਂ ਦੇ ਨਾਂ ਸੁਨਹਿਰੀ ਅੱਖਰਾਂ 'ਚ ਅੰਕਿਤ ਹਨ। ਈਪਰ (ਬੈਲਜ਼ੀਅਮ) ਸ਼ਹਿਰ ਦੇ ਕਬਰਸਤਾਨਾਂ ਵਿਚ ਸਿੱਖ ਫੌਜੀਆਂ ਦੀਆਂ ਖ਼ੂਬਸੂਰਤ ਸਮਾਧਾਂ ਹਨ ਜਿਥੇ ਉਥੋਂ ਦੇ ਵਸਨੀਕ ਹਰ ਸਾਲ ਸ਼ਰਧਾ ਦੇ ਫੁੱਲ ਅਰਪਿਤ ਕਰਦੇ ਹਨ। ਇਨ੍ਹਾਂ ਸਮਾਧਾਂ 'ਤੇ *"ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ-ਸੰਸਕਾਰੇ ਗਏ"* ਮੋਟੇ-ਮੋਟੇ ਅੱਖਰਾਂ ਵਿਚ ਅੰਕਿਤ ਹੈ।

ਇਨ੍ਹਾਂ ਸਮਾਧਾਂ ਦੇ ਦਰਸ਼ਨ-ਦੀਦਾਰ ਤੇ ਸਿੱਖ ਫੌਜੀਆਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਸਿੰਟ ਟਰੁਡਨ (ਬੈਲਜ਼ੀਅਮ), ਡੈਨਹਾਗ (ਹਾਲੈਂਡ), ਇੰਗਲੈਂਡ ਅਤੇ ਪੈਰਿਸ ਦੇ ਗੁਰੂ-ਘਰਾਂ ਵੱਲੋਂ ਸਪੈਸ਼ਲ ਬੱਸਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਕੋਲੋਨ (ਜਰਮਨੀ) ਤੋਂ ਵੀ ਬੀਬੀਆਂ ਦੇ ਜਥੇ ਪੁੱਜਦੇ ਹਨ। ਸ. ਭੁਪਿੰਦਰ ਸਿੰਘ ਨੇ ਆਪਣੀ ਪੰਜਾਬ ਫੇਰੀ ਸਮੇਂ ਦੱਸਿਆ ਕਿ ਜਦੋਂ ਸਿੱਖਾਂ ਦੇ ਜਥੇ ਰਵਾਇਤੀ ਧਾਰਮਿਕ ਜਲੂਸ ਦੇ ਰੂਪ ਵਿਚ ਯਾਦਗਾਰੀ ਮੈਨਨ ਗੇਟ 'ਤੇ ਪੁੱਜਦੇ ਹਨ ਤਾਂ ਬੈਲਜ਼ੀਅਮ ਵਸਨੀਕ ਉਨ੍ਹਾਂ ਦਾ ਤਾੜੀਆਂ ਨਾਲ ਸਵਾਗਤ ਕਰਦੇ ਹਨ। ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈਥ ਤੇ ਉੱਤਰੀ ਆਇਰਲੈਂਡ ਦੀ ਸਰਕਾਰ ਦੀ ਤਰਫੋਂ ਅਤੇ ਬੈਲਜ਼ੀਅਮ ਦੀ ਆਜ਼ਾਦੀ ਖ਼ਾਤਰ ਜਾਨਾਂ ਵਾਰਨ ਵਾਲਿਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਂਦੀ ਹੈ। ਉਦੋਂ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਮੈਨਨ ਯਾਦਗਾਰੀ ਗੇਟ ਗੂੰਜ ਉੱਠਦਾ ਹੈ।

ਦੂਜੀ ਵਿਸ਼ਵ ਜੰਗ ਵੇਲੇ ਵੀ ਸਿੱਖ ਫੌਜੀਆਂ ਨੇ ਇੰਡੋਨੇਸ਼ੀਆ ਵਿਚ ਘਿਰੇ ਡੱਚ ਲੋਕਾਂ ਨੂੰ ਆਪਣੀਆਂ ਜਾਨਾਂ ਜੋਖਮ ਵਿਚ ਪਾ ਕੇ ਸੁਰੱਖਿਅਤ ਹਾਲੈਂਡ (ਨੀਦਰਲੈਂਡਜ਼) ਪਹੁੰਚਾਇਆ। ਨਿਹੱਥੇ ਤੇ ਲਾਚਾਰ ਡੱਚ ਲੋਕਾਂ ਨਾਲ ਭਰੇ ਸਮੁੰਦਰੀ ਜਹਾਜ਼ ਸਿੱਖ ਫੌਜੀਆਂ ਦੀ ਨਿਗਰਾਨੀ ਹੇਠ ਰੋਟਰਡੈਮ ਦੀ ਬੰਦਰਗਾਹ 'ਤੇ ਆਣ ਉਤਰਦੇ। ਇਸ ਅਹਿਸਾਨ ਨੂੰ ਡੱਚ ਲੋਕ ਕਦੇ ਵੀ ਨਹੀਂ ਭੁੱਲਦੇ। ਇਹੀ ਕਾਰਨ ਹੈ ਕਿ ਯੋਗੀ ਹਰਭਜਨ ਸਿੰਘ ਹੁਰਾਂ ਦੇ ਰਤਾ ਕੁ ਪ੍ਰਚਾਰ ਕਰਨ ਦੀ ਦੇਰ ਸੀ ਕਿ ਕਈ ਡੱਚ ਲੋਕਾਂ ਨੇ ਸਿੱਖ ਧਰਮ ਧਾਰਨ ਕਰ ਲਿਆ। ਪਰੰਤੂ ਸੰਨ ੧੯੮੪ ਦੇ ਸਾਕਾ ਨੀਲਾ ਤਾਰਾ ਤੋਂ ਬਾਅਦ ਭਾਰਤੀ ਏਜੰਸੀਆਂ ਵੱਲੋਂ ਸਿੱਖਾਂ ਖਿਲਾਫ਼ ਪ੍ਰਚਾਰ ਕਰਨ ਨਾਲ ਉਨ੍ਹਾਂ ਦਾ ਕੁਝ ਅਰਸੇ ਲਈ ਅਕਸ ਧੁੰਦਲਾ ਜ਼ਰੂਰ ਹੋ ਗਿਆ ਸੀ। ਸ. ਭੁਪਿੰਦਰ ਸਿੰਘ ਹੁਰਾਂ ਦੇ ਕਹਿਣ ਮੁਤਾਬਕ ਮੈਸਟਰਿਖ ਅਤੇ ਐਂਡਹੋਵਨ (ਹਾਲੈਂਡ) ਦੀਆਂ ਜੰਗਾਂ ਦੌਰਾਨ ਨਾਜ਼ੀਆਂ ਦੇ ਖਿਲਾਫ਼ ਲੜਦਿਆਂ ਸਿੱਖ ਫੌਜੀਆਂ ਨੇ ਅਣਗਿਣਤ ਕੁਰਬਾਨੀਆਂ ਕੀਤੀਆਂ। ਹਾਲੈਂਡ ਵਿਚ ਬੂਸਮ ਸ਼ਹਿਰ ਦਾ ਕੰਟਰੋਲ ਜਰਮਨੀ ਨੇ ਸਿੱਖ ਜੰਗੀ ਕੈਦੀਆਂ ਨੂੰ ਦਿੱਤਾ ਹੋਇਆ ਸੀ। ਇਸ ਸ਼ਹਿਰ ਦੇ ਲੋਕ ਅਜੇ ਵੀ ਸਿੱਖ ਫੌਜੀਆਂ ਦੀ ਉਦਾਰਤਾ ਅਤੇ ਚੰਗੇਰੇ ਪ੍ਰਬੰਧਾਂ ਨੂੰ ਯਾਦ ਕਰਦੇ ਹਨ।

ਆਪਣੇ ਪੀ.ਐਚ.ਡੀ. ਥੀਸਿਸ ਵਿਚ ਡਾ. ਜੋਹਨ ਮੋਰੇ ਨੇ ਵਿਸ਼ਵ ਜੰਗ ਵਿਚ ਸਿੱਖ ਧਰਮ, ਸਿੱਖ ਫੌਜੀਆਂ ਦੀ ਕੁਰਬਾਨੀ ਅਤੇ ਰਣ-ਭੂਮੀ ਵਿਚ ਜੂਝ ਜਾਣ ਦੇ ਕਾਰਨਾਮਿਆਂ ਬਾਰੇ

ਅਤਿਅੰਤ ਕਲਾਤਮਿਕ ਤਰੀਕੇ ਨਾਲ ਸੋਹਲੇ ਗਾਏ ਹਨ। ਡਾ. ਮੋਰੇ ਪਹਿਲਾ ਬੈਲਜ਼ੀਅਮ ਹੈ, ਜਿਸ ਨੇ ਇਸ ਮਹੱਤਵਪੂਰਨ ਵਿਸ਼ੇ 'ਤੇ ਖੋਜ ਕਰਕੇ, ਸਿੱਖਾਂ ਦੇ ਅਕਸ ਨੂੰ ਚਾਰ ਚੰਨ ਲਾਏ ਹਨ। ਆਪਣੀ ਕਿਤਾਬ 'ਵਿਸ਼ਵ ਜੰਗ : ਸੇਲੀਏਂਟ ਖਿੱਤੇ ਦੀ ਮੁਰਦੇਹਾਣੀ ਸ਼ਾਂਤੀ' ਦੇ ਪੰਦਰ੍ਹਵੇਂ ਅਧਿਆਇ ਵਿਚ ਉਸ ਨੇ ਈਪਰ ਸ਼ਹਿਰ (ਬੈਲਜ਼ੀਅਮ) ਵਿਚ ਸਿੱਖਾਂ ਵੱਲੋਂ ਖਾਲਸਾ ਪੰਥ ਦੇ ਸਾਜਨਾ ਦੀ ਤ੍ਰੈ-ਸ਼ਤਾਬਦੀ ਮਨਾਏ ਜਾਣ ਦੇ ਕਾਰਨ ਦੱਸੇ ਹਨ। ਇਸ ਪੁਸਤਕ ਵਿਚ ਯੂਰਪੀਨ ਢੰਗ ਨਾਲ ਵਰਣਨ ਕੀਤਾ ਗਿਆ ਹੈ। ਇਸ ਕਿਤਾਬ ਵਿਚ ਸਿੱਖਾਂ ਦੀਆਂ ਸੱਤ ਯਾਦਗਾਰੀ ਤਸਵੀਰਾਂ ਹਨ। ਇਸ ਕਿਤਾਬ 'ਚ ਸਿੱਖਾਂ ਬਾਰੇ ਦਿੱਤੀ ਜਾਣਕਾਰੀ ਅਤੇ ਸਿੱਖ ਫੌਜੀਆਂ ਦੀ ਰਣ-ਭੂਮੀ 'ਚ ਜੂਝਦਿਆਂ ਦੀਆਂ ਤਸਵੀਰਾਂ ਸ. ਭੁਪਿੰਦਰ ਸਿੰਘ ਨੇ ਮੁਹੱਈਆ ਕਰਵਾਈਆਂ ਹਨ।

ਵਿਸ਼ਵ ਜੰਗ ਵਿਚ ਸਿੱਖ ਰੈਜਮੈਂਟ ਨੇ ਵੀ ਮਹੱਤਵਪੂਰਨ ਰੋਲ ਅਦਾ ਕੀਤਾ। ਫੌਜੀ ਵਰਦੀ ਵਿਚ ਮਹਾਰਾਜਾ ਭੁਪਿੰਦਰ ਸਿੰਘ ਦੀ ਤਸਵੀਰ ਵੀ ਇਕ ਇਤਿਹਾਸਕ ਦਸਤਾਵੇਜ਼ ਹੈ ਜੋ ਸਿੱਖ ਸਪੈਕਟਰਮ ਵੈਬਸਾਈਟ 'ਤੇ ਵੀ ਦੇਖੀ ਜਾ ਸਕਦੀ ਹੈ। ਇਸ ਵੈਬਸਾਈਟ 'ਤੇ ਦੋਵਾਂ ਵਿਸ਼ਵ ਜੰਗਾਂ 'ਚ ਸਿੱਖ ਰਜਮੈਂਟਾਂ ਵੱਲੋਂ ਅਣਜਾਣ ਲੋਕਾਂ ਖ਼ਾਤਰ ਡੋਲ੍ਹੇ ਖੂਨ ਦੀ ਭਰਪੂਰ ਜਾਣਕਾਰੀ ਦਿੱਤੀ ਹੈ। ਇਹ ਡੁੱਲ੍ਹਿਆ ਖੂਨ ਹੀ ਸਿੱਖਾਂ ਦਾ ਯੂਰਪ ਨਾਲ ਸਦੀਵੀ ਨਾਤਾ ਜੋੜਦਾ ਹੈ। ਇਹ ਗਾਥਾ ਦਰਸਾਉਂਦੀ ਹੈ ਕਿ ਸਿੱਖਾਂ ਨੇ ਕਿੰਵ ਈਪਰ ਤੇ ਹੋਰਨਾਂ ਸ਼ਹਿਰਾਂ ਨੂੰ ਬਚਾਇਆ। ਉਨ੍ਹਾਂ 'ਤੇ ਗੈਸ ਵੀ ਛੱਡੀ ਗਈ, ਪਰ ਉਹ ਇਕ ਇੰਚ ਵੀ ਪਿੱਛੇ ਨਹੀਂ ਹਟੇ। ਦੱਸਦੇ ਹਨ ਕਿ ੩੯੮੯ ਫੌਜੀ ਤਾਂ ਇਕੱਲੀ ਲਾਹੌਰ ਡਿਵੀਜ਼ਨ ਦੇ ਹੀ ਸਨ ਜਿਨ੍ਹਾਂ ਵਿੱਚੋਂ ੧੨੦੦ ਤੋਂ ਵੱਧ ਸਿੱਖ ਸਨ ਜੋ ਈਪਰ ਸ਼ਹਿਰ ਦੀਆਂ ਲੜਾਈਆਂ 'ਚ ਜਾਨਾਂ ਵਾਰ ਗਏ।

ਜੰਗ ਦੇ ਮੈਦਾਨ 'ਚੋਂ ਸਿੱਖ ਫੌਜੀਆਂ ਵੱਲੋਂ ਆਪਣੇ ਘਰਾਂ ਤੇ ਮਿੱਤਰਾਂ-ਯਾਰਾਂ ਨੂੰ ਲਿਖੇ ਪੱਤਰ ਇਕ ਅਨੂਠਾ ਦਸਤਾਵੇਜ਼ ਹਨ। ਇਕ ਫੌਜੀ ਪਹਿਲੀ ਮਈ ੧੯੧੫ ਨੂੰ ਪੰਜਾਬ ਰਹਿੰਦੇ ਮਿੱਤਰ ਨੂੰ ਇਕ ਦਿਲ-ਕੰਬਾਊ ਭਾਸ਼ਾ 'ਚ ਲਿਖਦਾ ਹੈ, "ਲਾਹੌਰ ਡਿਵੀਜ਼ਨ ਤਾਂ ਖਤਮ ਹੋ ਗਈ। ਇੰਜ ਲੱਗਦਾ ਹੈ ਕਿ ਦੋਵਾਂ ਪਾਸਿਉਂ ਜਿੰਨੀ ਦੇਰ ਸਾਰੇ ਬੰਦੇ ਖ਼ਤਮ ਨਹੀਂ ਹੁੰਦੇ ਓਨਾ ਚਿਰ ਸੰਸਾਰ 'ਚ ਸ਼ਾਂਤੀ ਨਹੀਂ ਹੋਣ ਵਾਲੀ।" ਅਜਿਹੇ ਸੈਂਕੜੇ ਪੱਤਰ ਹਨ ਜੋ ਉਨ੍ਹਾਂ ਦੇ ਘਰਾਂ 'ਚ ਪੁੱਜਣ ਦੀ ਬਜਾਏ ਸੈਂਸਰ ਦਾ ਸ਼ਿਕਾਰ ਬਣ ਗਏ ਤੇ ਅੱਜਕਲ੍ਹ ਇਹ ਅਜਾਇਬ ਘਰਾਂ ਦਾ ਸ਼ਿੰਗਾਰ ਹਨ। ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ਹਾਲੈਂਡ) ਦੀ ਅਣਥੱਕ ਮਿਹਨਤ ਸਦਕਾ ਲਗਭਗ ੮੦ ਪੱਤਰ ਸਾਹਮਣੇ ਆਏ ਹਨ ਜੋ ਅਤਿ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਹਨ। ਦਿਲਚਸਪ ਗੱਲ ਇਹ ਹੈ ਕਿ ਜਦੋਂ ਸਿੱਖ ਨੌਜਵਾਨਾਂ ਨੇ ਯੋਧਿਆਂ ਦੀਆਂ ਪੈੜਾਂ ਨੱਪਣ ਦਾ ਬੀੜਾ ਚੁੱਕਿਆ ਤਾਂ ਯੂਰਪੀਨ ਲੋਕਾਂ ਨੇ ਸਿੱਖ ਫੌਜੀਆਂ ਦੀਆਂ ਸ਼ਰਧਾਵੱਸ ਸਾਂਭੀਆਂ ਨਿਸ਼ਾਨੀਆਂ ਉਨ੍ਹਾਂ ਨੂੰ ਸੌਂਪੀਆਂ ਤਾਂ ਜੋ ਉਹ ਆਮ ਜਨਤਾ ਦੇ ਦਰਸ਼ਨਾਂ ਲਈ ਅਜਾਇਬ ਘਰ ਵਿਚ ਸਾਂਭੀਆਂ ਜਾ ਸਕਣ। ਕੁਝ ਘਰਾਂ 'ਚ ਸਿੱਖ ਯੋਧਿਆਂ ਦੇ ਬੂਟ ਤੇ ਬੰਦੂਕਾਂ, ਕਿਰਪਾਨਾਂ ਅਤੇ ਫੋਟੋਆਂ ਸਾਂਭੀਆਂ ਪਈਆਂ ਸਨ, ਜੋ ਉਨ੍ਹਾਂ ਸਿੱਖ ਵੀਰਾਂ ਨੂੰ ਅਮਾਨਤ ਵਜੋਂ ਵਾਪਸ ਕਰ ਦਿੱਤੀਆਂ।

ਫਰਾਂਸ ਵਿਚ ਸਿੱਖ ਸਿਪਾਹੀਆਂ ਨੂੰ ਭਾਸ਼ਾ ਕਾਰਨ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਮੌਸਮ ਵੀ ਉਨ੍ਹਾਂ ਲਈ ਖੁਸ਼ਗਵਾਰ ਨਹੀਂ ਸੀ। ਜਨਵਰੀ ੧੯੧੫ ਵਿਚ ਇਕ

ਸਿੱਖ ਸਿਪਾਹੀ ਜਲੰਧਰ ਵਿਖੇ ਆਪਣੇ ਚਾਚਾ ਜੀ ਨੂੰ ਲਿਖਦਾ ਹੈ, "ਇਹ ਦੇਸ਼ ਬਹੁਤ ਸੁਹਾਵਣਾ ਹੈ, ਪਰੰਤੂ ਇਥੇ ਹੱਡ-ਭੰਨਵੀਂ ਕੜਾਕੇਦਾਰ ਠੰਢ ਪੈਂਦੀ ਹੈ। ਇਨ੍ਹਾਂ ਲੋਕਾਂ ਦੀ ਭਾਸ਼ਾ ਵੀ ਪੱਲੇ ਨਹੀਂ ਪੈਂਦੀ। ਉਹ ਦੁੱਧ ਨੂੰ 'ਦੂਲੀ' (ਫਰੈਂਚ : ਦੂ-ਲੇਟ) ਅਤੇ ਪਾਣੀ ਨੂੰ 'ਦੂਲੂ' (ਫਰੈਂਚ : ਦੇ ਲੀਉ) ਕਹਿੰਦੇ ਹਨ।"

ਹੋਰਨਾਂ ਸਿੱਖਾਂ ਵਾਂਗ ਸ. ਭਾਨ ਸਿੰਘ ਨਾਂ ਦੇ ਅਰਦਲੀ ਦੀ ਬਹਾਦਰੀ ਦਾ ਵਿਸ਼ੇਸ਼ ਜ਼ਿਕਰ ਆਉਂਦਾ ਹੈ। ਉਹ ਜ਼ਖਮੀ ਹੋਣ ਦੇ ਬਾਵਜੂਦ ਦੁਸ਼ਮਣ ਨਾਲ ਲੜਦਾ ਰਿਹਾ ਭਾਵੇਂ ਕਿ ਉਸ ਦਾ ਕੈਪਟਨ ਫੱਟੜ ਹੋ ਕੇ ਮੈਦਾਨ-ਏ-ਜੰਗ 'ਚ ਡਿੱਗ ਪੈਂਦਾ ਹੈ। ੧੫ਵੀਂ ਲੁਧਿਆਣਾ ਰੈਜਮੈਂਟ ਦਾ ਸਿਰਸਾ ਨਿਵਾਸੀ ਸਿਪਾਹੀ ਸ. ਮਲੂਕ ਸਿੰਘ ਜਰਮਨ ਫੌਜ ਵੱਲੋਂ ਛੱਡੀ ਜ਼ਹਿਰੀਲੀ ਗੈਸ ਕਲੋਰੀਨ ਦਾ ਸ਼ਿਕਾਰ ਬਣਿਆ। ਇਹ ਹਾਦਸਾ ਉਦੋਂ ਵਾਪਰਿਆ ਜਦੋਂ ਸਿੱਖ ਰੈਜਮੈਂਟ ਈਪਰ ਸ਼ਹਿਰ 'ਚ ਜਰਮਨਾਂ ਦੇ ਮੋਰਚੇ ਫਤਹਿ ਕਰਦੀ ਜਾ ਰਹੀ ਸੀ। ੪੭ਵੀਂ ਸਿੱਖ ਰੈਜਮੈਂਟ ਦੀ ੪੪੪ ਦੀ ਟੁਕੜੀ 'ਚੋਂ ੩੪੨ ਮੌਕੇ 'ਤੇ ਹੀ ਸ਼ਹੀਦ ਹੋ ਗਏ। ਇਸ ਅਦੁੱਤੀ ਸ਼ਹਾਦਤ ਨੂੰ ਪ੍ਰਣਾਮ ਕਰਨ ਲਈ ਬੈਲਜ਼ੀਅਮ ਸਰਕਾਰ ਨੇ ਤਿੰਨ ਸਾਲ ਪਹਿਲਾਂ ਕੌਮੀ ਯਾਦਗਾਰ ਮੈਨਨ ਗੇਟ 'ਤੇ ਵਿਸ਼ੇਸ਼ ਦਿਨ ਮਨਾਇਆ। ਯੂਰਪ ਤੋਂ ਲਗਭਗ ੩੦੦ ਸਿੱਖ ਵੀ ਇਸ ਵਿਚ ਸ਼ਾਮਲ ਹੋਏ ਸਨ। ਸਿੱਖ ਰੈਜਮੈਂਟ ਦੇ ਜਨਰਲ ਦੀ ਪੂਰੀ ਕੰਧ ਦੇ ਸਾਈਜ਼ ਦੀ ਵਿਸ਼ਾਲ ਤਸਵੀਰ ਈਪਰ ਦੇ 'ਇਨਫਲੈਂਡਰਜ਼ ਫੀਲਡ' ਨੈਸ਼ਨਲ ਮਿਊਜ਼ੀਅਮ ਵਿਚ ਸੁਸ਼ੋਭਿਤ ਹੈ।

ਹਾਲੈਂਡ ਦੇ ਉੱਘੇ ਸ਼ਹਿਰ ਐਮਸਟਰਡਮ ਵਿਖੇ ਆਜ਼ਾਦੀ ਦਿਵਸ ਦੌਰਾਨ ਦੂਸਰੀ ਵਿਸ਼ਵ ਜੰਗ ਦੇ ਸ਼ਹੀਦਾਂ ਦੀ ਯਾਦਗਾਰ ਹਰ ਸਾਲ ੪ ਮਈ ਨੂੰ ਮਨਾਈ ਜਾਂਦੀ ਹੈ, ਜਿਸ ਵਿਚ ਮਹਾਰਾਣੀ ਬੀਆਟ੍ਰਿਕਸ, ਸਰਕਾਰੀ ਮੰਤਰੀ, ਫੌਜੀ ਜਰਨੈਲ ਅਤੇ ਸਿੱਖਾਂ ਦਾ ਵੱਡਾ ਡੈਲੀਗੇਸ਼ਨ ਸ਼ਹੀਦਾਂ ਨੂੰ ਅਕੀਦਤ ਪੇਸ਼ ਕਰਦਾ ਹੈ। ਇਨ੍ਹਾਂ ਸਮਾਰੋਹਾਂ ਦਾ ਆਗਾਜ਼ ਖਾਲਸਾ ਪੰਥ ਦੀ ਤੀਸਰੀ ਸ਼ਤਾਬਦੀ ਤੋਂ ਹੋਇਆ ਜੋ ਹੁਣ ਸਾਲਾਨਾ ਪੁਰਬ ਬਣ ਗਿਆ ਹੈ। ਇਸ ਸਮਾਰੋਹ ਨੂੰ ਯੂਰਪ ਦਾ ਤਮਾਮ ਇਲੈਕਟ੍ਰਾਨਿਕ ਮੀਡੀਆ ਆਪੋ-ਆਪਣੇ ਚੈਨਲਾਂ ਰਾਹੀਂ ਪ੍ਰਮੁੱਖਤਾ ਨਾਲ ਕਵਰ ਕਰਦਾ ਹੈ। ਇਸੇ ਤਰ੍ਹਾਂ ਬੈਲਜ਼ੀਅਮ ਦੇ ਆਜ਼ਾਦੀ ਦਿਵਸ, ੧੧ ਨਵੰਬਰ ਨੂੰ ਸਰਕਾਰੀ ਪੱਧਰ 'ਤੇ ਹਾਲੈਂਡ, ਬੈਲਜ਼ੀਅਮ, ਫਰਾਂਸ ਤੇ ਇੰਗਲੈਂਡ ਦੇ ਗੁਰਦੁਆਰਿਆਂ ਨੂੰ ਸਰਕਾਰੀ ਤੌਰ 'ਤੇ ਨਿਮੰਤ੍ਰਿਤ ਕੀਤਾ ਜਾਂਦਾ ਹੈ। ਸ਼ਹੀਦਾਂ ਨੂੰ ਸਮਰਪਿਤ ਲੰਗਰ ਅਤੁੱਟ ਵਰਤਦਾ ਹੈ। ਪਿਛਲੇ ਸਾਲ ਇੰਗਲੈਂਡ ਪੁਲਿਸ ਦੇ ਸਿੱਖ ਸਿਪਾਹੀ ਭਾਰੀ ਗਿਣਤੀ ਵਿਚ ਇਸ ਸਮਾਰੋਹ ਵਿਚ ਵਿਸ਼ੇਸ਼ ਆਕਰਸ਼ਣ ਬਣੇ ਰਹੇ।

ਖਾਲਸਾ ਪੰਥ ਦੀ ਤੀਸਰੀ ਸ਼ਤਾਬਦੀ ਮੌਕੇ ਪੰਜ ਪਿਆਰਿਆਂ ਵੱਲੋਂ ਹੋਲੀਬੀਕ (ਬੈਲਜ਼ੀਅਮ) ਵਿਖੇ ਸਿੱਖ ਫੌਜੀਆਂ ਦੀ ਯਾਦ ਵਿਚ ਇਕ ਸ਼ਾਨਦਾਰ ਸਮਾਰਕ ਦਾ ਵੀ ਉਦਘਾਟਨ ਕੀਤਾ ਗਿਆ। ਇਹ ਸਮਾਰਕ ਸਰਕਾਰੀ ਤੌਰ 'ਤੇ ਪਹਿਲੀ ਵਿਸ਼ਵ ਜੰਗ ਦੇ ਸ਼ਹੀਦਾਂ ਨੂੰ ਸਮਰਪਿਤ ਹੈ। ਇਸ ਸਮਾਰੋਹ 'ਚ ਦੂਜੀ ਵਿਸ਼ਵ ਜੰਗ ਵਿਚ ਬਚੇ ਸਿੱਖ ਫੌਜੀਆਂ ਨੂੰ ਵਿਸ਼ੇਸ਼ ਤੌਰ 'ਤੇ ਇੰਗਲੈਂਡ ਤੋਂ ਲਿਆ ਕੇ ਬੈਲਜ਼ੀਅਮ ਸਰਕਾਰ ਵੱਲੋਂ ਸਨਮਾਨਿਤ ਕੀਤਾ ਗਿਆ। ਯਾਦ ਰਹੇ ੧੯੨੭ ਤੋਂ ਲੈ ਕੇ ਹੁਣ ਤਕ ਹਰ ਰੋਜ਼ ਸ਼ਾਮ ੮ ਵਜੇ ਤੋਂ ੮.੧੫ ਵਜੇ ਤਕ ਮੈਨਨ ਗੇਟ ਵਿਖੇ ਇਨ੍ਹਾਂ ਸ਼ਹੀਦਾਂ ਲਈ ਅਰਦਾਸ ਕੀਤੀ ਜਾਂਦੀ ਹੈ।

# ਨਿਹੰਗ ਸਿੰਘਾਂ ਦੇ ਦਸਤਾਰੇ

*-ਡਾ. ਜਸਬੀਰ ਸਿੰਘ ਕਸ਼ਮੀਰ**

'ਨਿਹੰਗ ਸਿੰਘ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਨਿਹਸ਼ੰਕ' 'ਚੋਂ ਆਇਆ ਹੈ, ਜਿਸ ਦਾ ਮਤਲਬ ਹੈ: ਬਹਾਦੁਰ, ਦਲੇਰ, ਨਿਡਰ, ਉਹ ਜਿਸ ਨੂੰ ਮੌਤ ਦਾ ਡਰ ਨਹੀਂ ਹੁੰਦਾ। ਇਸ ਲਫਜ਼ ਦੀ ਸ਼ੁਰੂਆਤ ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਹੁੰਦੀ ਹੈ:

*ਨਿਰਭਉ ਹੋਇਓ ਭਇਆ ਨਿਹੰਗਾ॥* *(ਪੰਨਾ ੩੯੨)*

ਨਿਹੰਗ ਸਿੰਘਾਂ ਦੇ ਪਿਛੋਕੜ ਬਾਰੇ ਵੱਖ-ਵੱਖ ਲੇਖਕਾਂ ਦੇ ਵੱਖ-ਵੱਖ ਵਿਚਾਰ ਹਨ। ਕਈਆਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਕੀਤੀ ਪੇਸ਼ੀਨਗੋਈ ਦੱਸੀ ਹੈ ਕਿ ਸਮਾਂ ਪਾ ਕੇ ਨਿਸ਼ਾਨਾਂ ਵਾਲਾ (ਫਰਹਰੇ ਵਾਲਾ) ਪੰਥ ਚਲੇਗਾ। ਦੂਜਾ ਨੁਕਤਾ ਇਹ ਦੱਸਿਆ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਾਹਿਬਜ਼ਾਦੇ ਦੁਮਾਲਾ ਸਜਾ ਕੇ ਇਕ ਵਾਰ ਗੁਰੂ ਸਾਹਿਬ ਦੇ ਸਾਹਮਣੇ ਆਏ ਤਾਂ ਗੁਰੂ ਸਾਹਿਬ ਨੇ ਫ਼ਰਮਾਇਆ ਕਿ ਇਸ ਬਾਣੇ ਦਾ ਇਕ ਨਿਹੰਗ ਪੰਥ ਹੋਵੇਗਾ, ਜੋ ਬੜੀ ਪ੍ਰਸਿੱਧੀ ਪਾਵੇਗਾ। ਤੀਜਾ ਨੁਕਤਾ ਇਹ ਦੱਸਿਆ ਜਾਂਦਾ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜਦੋਂ ਚਮਕੌਰ ਦੀ ਗੜ੍ਹੀ ਤੋਂ ਨਿਕਲ ਕੇ ਆਏ ਤਾਂ ਉਨ੍ਹਾਂ ਪੀਰ ਵਾਲਾ ਕੌਤਕ ਕਰਨ ਤੋਂ ਬਾਅਦ ਪੀਰ ਵਾਲਾ ਨੀਲਾ ਬਾਣਾ ਅੱਗ ਦੀ ਭੇਟਾ ਕੀਤਾ ਅਤੇ ਇਕ ਨੀਲੀ ਲੀਰ ਕਟਾਰ ਦੇ ਨਾਲ ਬੰਨ੍ਹੀਂ। ਇੰਵ ਨੀਲਾਂਬਰੀ ਸੰਪਰਦਾ ਹੋਂਦ ਵਿਚ ਆਈ। ਚੌਥਾ ਨੁਕਤਾ ਭਾਈ ਮਾਨ ਸਿੰਘ ਤੋਂ ਸ਼ੁਰੂ ਹੋਇਆ ਦੱਸਦਾ ਹੈ।

ਦਸਤਾਰ ਵਿਚ ਫਰਹਰਾ ਲਾਉਣ ਦੀ ਸ਼ੁਰੂਆਤ ਸ੍ਰੀ ਗੁਰੂ ਗੋਬਿੰਦ ਸਿੰਘ ਸਮੇਂ ਹੋਈ ਹੈ। ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਆਨੰਦਪੁਰ ਸਾਹਿਬ 'ਤੇ ੧੯ ਜਨਵਰੀ ੧੭੦੪ ਨੂੰ ਹਮਲਾ ਕੀਤਾ। ਇਸ ਜੰਗ ਵਿਚ ਭਾਈ ਮਾਨ ਸਿੰਘ ਨਿਸ਼ਾਨਚੀ ਪੁੱਤਰ ਭਾਈ ਜੀਤਾ ਸਿੰਘ ਨਿਸ਼ਾਨ ਸਾਹਿਬ ਫੜ ਕੇ ਅੱਗੇ ਲੜ ਰਿਹਾ ਸੀ। ਭਾਈ ਸਾਹਿਬ ਨੂੰ ਜਦੋਂ ਇਕ ਗੋਲੀ ਪਹਾੜੀ ਫੌਜਾਂ ਦੀ ਆ ਕੇ ਲੱਗੀ ਤਾਂ ਉਹ ਜ਼ਖਮੀ ਹੋ ਕੇ ਹੇਠਾਂ ਡਿੱਗ ਪਏ। ਇਸ ਨਾਲ ਨਿਸ਼ਾਨ ਸਾਹਿਬ ਵੀ ਹੇਠਾਂ ਡਿੱਗ ਪਿਆ। ਇਹ ਇਤਲਾਹ ਜਦੋਂ ਗੁਰੂ ਸਾਹਿਬ ਨੂੰ ਪੁੱਜੀ ਤਾਂ ਉਨ੍ਹਾਂ ਆਪਣੀ ਛੋਟੀ ਦਸਤਾਰ ਵਿੱਚੋਂ ਇਕ ਲੀਰ ਪਾੜ ਕੇ ਦਸਤਾਰ ਦੇ ਉੱਪਰ ਸਜਾ ਲਈ ਅਤੇ ਹੁਕਮ ਕੀਤਾ ਕਿ ਹਰ ਸਿੰਘ ਅੱਗੇ ਤੋਂ ਮੈਦਾਨ-ਏ-ਜੰਗ ਵਿਚ ਆਪਣੀ ਦਸਤਾਰ ਉੱਤੇ ਨਿਸ਼ਾਨ ਸਾਹਿਬ (ਫਰਹਰਾ) ਸਜਾਇਆ ਕਰਨਗੇ। ਗੁਰੂ ਸਾਹਿਬ ਨੂੰ ਵੇਖਦੇ ਹੀ ਭਾਈ ਉਦੇ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ, ਭਾਈ ਆਲਮ ਸਿੰਘ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਜੀ ਨੇ ਵੀ ਆਪਣੀਆਂ ਕੇਸਕੀਆਂ ਵਿੱਚੋਂ ਲੀਰਾਂ ਪਾੜ ਕੇ ਦਸਤਾਰਾਂ ਦੇ ਉੱਪਰ ਸਜਾ ਲਈਆਂ। ਇਹ ਦ੍ਰਿਸ਼ ਵੇਖ ਕੇ ਗੁਰੂ ਸਾਹਿਬ ਨੇ ਐਲਾਨਨਾਮਾ ਕੀਤਾ ਕਿ ਇਹ 'ਨਿਸ਼ਾਨ

**ਮੀਆਂ ਮੀਰ ਨਗਰ, ਹਮਦਾਨੀਆ ਕਾਲੋਨੀ-੪, ਬੇਮੀਨਾ-ਸ੍ਰੀਨਗਰ (ਕਸ਼ਮੀਰ)-੧੯੦੦੧੦*

ਸਾਹਿਬ ਵਾਲੇ ਨੀਲੇ ਬਾਣੇ ਦਾ ਜਥਾ' ਪੰਥ ਵਿਚ ਬੜਾ ਪ੍ਰਸਿੱਧ ਹੋਵੇਗਾ। ਇਸ ਤਰ੍ਹਾਂ ਨਿਹੰਗਾਂ ਦਾ ਜਨਮ ਮੰਨਿਆ ਜਾਂਦਾ ਹੈ।

'ਦਸਤਾਰ' ਫ਼ਾਰਸੀ ਦਾ ਲਫਜ਼ ਹੈ, ਜਿਸ ਦਾ ਭਾਵ ਹੈ ਹੱਥਾਂ ਨਾਲ ਸਵਾਰ ਕੇ ਬੰਨ੍ਹਿਆ ਹੋਇਆ ਬਸਤਰ। ਖਾਲਸੇ ਦੇ ਬੋਲੇ ਵਿਚ ਨਿਹੰਗ ਸਿੰਘ ਦਸਤਾਰ ਨੂੰ 'ਦਸਤਾਰਾ' ਆਖਦੇ ਹਨ। ਦਸਤਾਰ ਸਿੱਖ ਸੱਭਿਆਚਾਰ ਦਾ ਕੇਂਦਰੀ ਬਹਾਦਰੀ ਚਿੰਨ੍ਹ ਹੈ। ਦਸਤਾਰ ਲਈ ਬਹੁਤ ਸਾਰੇ ਨਾਂ ਵੱਖ-ਵੱਖ ਜ਼ਬਾਨਾਂ ਅਤੇ ਧਰਮਾਂ ਵੱਲੋਂ ਰੱਖੇ ਮਿਲਦੇ ਹਨ, ਜਿਵੇਂ ਇਮਾਮਾ, ਪੱਗ, ਸਾਫ਼ਾ, ਚਮਲਾ, ਚੀਰਾ, ਦੁਲਬੰਦ, ਉਸ਼ਣੀਕ, ਟਰਬਨ, ਤੁਰਬਾਂਤੇ ਆਦਿ। ਦਸਤਾਰ ਕਦੋਂ ਤੇ ਕਿਵੇਂ ਸੰਸਾਰ ਵਿਚ ਸ਼ੁਰੂ ਹੋਈ ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ? ਅਰਬ ਅਤੇ ਈਰਾਨ ਦੇਸ਼ਾਂ ਵਿਚ ਦਸਤਾਰ ਨੂੰ ਖ਼ਾਸ ਮੁਕਾਮ ਹਾਸਲ ਰਿਹਾ ਹੈ। ਜਾਪਦਾ ਹੈ ਦਸਤਾਰ ਸੰਸਾਰ ਦਾ ਪੁਰਾਤਨ ਇੱਜ਼ਤ ਆਬਰੂ ਦਾ ਪਹਿਰਾਵਾ ਹੁੰਦਾ ਹੋਵੇਗਾ, ਜੋ ਮਨੁੱਖ ਦੇ ਜਾਹੋ-ਜਲਾਲ ਦੇ ਚਿੰਨ੍ਹ ਵਜੋਂ ਪੀੜ੍ਹੀਆਂ-ਦਰ-ਪੀੜ੍ਹੀਆਂ ਸਾਡੇ ਤਕ ਪੁੱਜਿਆ ਹੈ। ਪੰਦਰ੍ਹਵੀਂ ਸਦੀ ਤੋਂ ਪਹਿਲਾਂ ਵੀ ਯੂਰਪ ਆਦਿ ਦੇਸ਼ਾਂ ਵਿਚ ਦਸਤਾਰ ਦਾ ਪ੍ਰਯੋਗ ਕੀਤਾ ਜਾਂਦਾ ਸੀ। ਕਈ ਸਦੀਆਂ ਤੋਂ ਮੁਸਲਮਾਨਾਂ ਦੇ ਪੈਗੰਬਰ ਅਤੇ ਹਿੰਦੂ ਧਰਮ ਦੇ ਵਡੇਰੇ ਸਿਰ 'ਤੇ ਦਸਤਾਰ ਬੰਨ੍ਹਦੇ ਸਨ। ਹੱਜ 'ਤੇ ਜਾਣ ਸਮੇਂ ਮੁਸਲਮਾਨਾਂ ਨੂੰ ਦਸਤਾਰ ਸਜਾਉਣ ਦੀ ਹਦਾਇਤ ਹੈ।

ਦਸਤਾਰ ਸਿੱਖਾਂ ਦੇ ਦਰਸ਼ਨ-ਦੀਦਾਰ ਦਾ ਕੇਂਦਰ ਬਿੰਦੂ ਹੈ, ਜੋ ਹਜ਼ਾਰਾਂ ਵਿੱਚੋਂ ਵੀ ਸਵੈ-ਪਛਾਣ ਕਰਾਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦੂਸਰੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਦਸਤਾਰ ਦਾ ਅਹਿਮ ਰੁੱਤਬਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਸਿੱਖਾਂ ਨੂੰ ਹਦਾਇਤ ਹੈ ਕਿ ਸਾਬਤ ਸੂਰਤਿ ਰਹਿ ਕੇ ਸਿਰ 'ਤੇ ਦਸਤਾਰ ਸਜਾਉਣੀ ਹੈ:

*...ਸਾਬਤ ਸੂਰਤਿ ਦਸਤਾਰ ਸਿਰਾ॥ (ਪੰਨਾ ੧੦੮੪)*

ਸ੍ਰੀ ਗੁਰੂ ਅਰਜਨ ਦੇਵ ਜੀ ਤਾਂ ਦੁਬਾਰਾ ਆਪਣੇ ਮੁਖਾਰਬਿੰਦ ਤੋਂ ਉਚਾਰਦੇ ਹਨ ਕਿ ਦੂਹਰਾ ਦਸਤਾਰਾ ਦੁਮਾਲਾ ਤਾਂ ਆਪ ਦੀ ਫ਼ਤਹਿ ਦਾ ਡੰਕਾ ਵਜਾਉਣ ਦਾ ਸੰਕੇਤ ਦਿੰਦੇ ਹਨ:

*ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥*
*(ਪੰਨਾ ੭੪)*

ਸਿੱਖ ਦੀ ਦਸਤਾਰ ਇਕ ਅਜਿਹੇ ਮੁਜੱਸਮੇ ਦੀ ਪ੍ਰਤੀਕ ਹੋ ਨਿੱਬੜਦੀ ਹੈ, ਜਿਸ ਵਿਚ ਧਰਮ, ਇੱਜ਼ਤ ਤੇ ਅਧਿਆਤਮਕ ਲਕਸ਼ ਸਾਫ ਨਜ਼ਰੀਂ ਪੈਂਦਾ ਹੈ। ਢਾਡੀ ਅਬਦੁੱਲਾ ਅਤੇ ਨੱਥ ਮੱਲ ਨੇ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਾਰ ਪੜ੍ਹੀ ਸੀ, ਉਸ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਦਸਤਾਰ ਦਾ ਬਾਖ਼ੂਬੀ ਜ਼ਿਕਰ ਆਉਂਦਾ ਹੈ:-

*ਦੋ ਤਲਵਾਰੀਂ ਬੱਧੀਆਂ ਇਕ ਮੀਰ ਦੀ ਇਕ ਪੀਰ ਦੀ।*
*ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।*
*.... ....ਪੱਗ ਤੇਰੀ ਕੀ ਜਹਾਂਗੀਰ ਦੀ?*

ਗੁਰਬਿਲਾਸ ਪਾਤਸ਼ਾਹੀ ਛੇਵੀਂ ਦਾ ਕਰਤਾ ਲਿਖਦਾ ਹੈ ਕਿ ਜਦੋਂ ਸ੍ਰੀ ਗੁਰੂ ਹਰਿਗੋਬਿੰਦ

ਸਾਹਿਬ ਨੇ ਸਿਰ 'ਤੇ ਦਸਤਾਰਾ ਸਜਾਇਆ ਤਾਂ ਇੰਵ ਪ੍ਰਤੀਤ ਹੋਇਆ, ਜਿਵੇਂ ਪਰਮਾਤਮਾ ਸਾਹਮਣੇ ਬੈਠਾ ਹੋਵੇ!

*ਸ੍ਰੀ ਗੁਰ ਪਾਗ ਬਧੀ ਨਿਜ ਸੀਸ।*
*ਦਿਖਿ ਸਭ ਹੀ ਤਬ ਭਏ ਜਗੀਸ॥੨੭॥* *(ਅਧਿਆਇ ੮)*

ਸ੍ਰੀ ਗੁਰੂ ਗੋਬਿੰਦ ਸਿੰਘ ਸਮੇਂ ਤਾਂ 'ਦਸਤਾਰ' ਲਾਜ਼ਮੀ ਕਰਾਰ ਦਿੱਤੀ ਗਈ। ਇਸ ਦੀ ਗਵਾਹੀ ਤਵਾਰੀਖ ਦੇ ਸਭ ਤੋਂ ਪੁਰਾਤਨ ਸ੍ਰੋਤ 'ਭਟ ਵਹੀਆਂ' ਵਿਚ ਵੀ ਮਿਲਦੀ ਹੈ। ਦਸਤਾਰ ਦਾ ਜ਼ਿਕਰ ਸਾਰੇ ਰਹਿਤਨਾਮਿਆਂ, ਤਨਖਾਹਨਾਮਿਆਂ ਆਦਿ ਵਿਚ ਵੀ ਆਇਆ ਹੈ।

ਫ਼ਾਰਸੀ ਦੀ ਪੁਰਾਤਨ ਪੁਸਤਕ 'ਦਬਸਤਾਨਿ-ਮੁਜ਼ਾਹਿਬ' ਦਾ ਲੇਖਕ ਮੋਬਿੱਦ ਜ਼ੁਲਫਕਾਰ ਅਰਦਸਤਾਨੀ ਸਾਸਨੀ ਨੇ ਵੀ ਜ਼ਿਕਰ ਕੀਤਾ ਹੈ ਕਿ ਜਦੋਂ ਵੀ ਵਿਸਾਖੀ ਵਾਲੇ ਦਿਨ ਗੁਰੂ-ਦਰਬਾਰ ਵਿਚ ਮਸੰਦ ਇਕੱਠੇ ਹੁੰਦੇ ਸਨ ਤਾਂ ਗੁਰੂ ਸਾਹਿਬ ਉਨ੍ਹਾਂ ਨੂੰ ਰੁਖਸਤ ਹੋਣ ਸਮੇਂ 'ਦਸਤਾਰ' ਦੇ ਰੂਪ ਵਿਚ ਸਿਰੋਪਾਉ ਬਖ਼ਸ਼ਸ਼ ਦੇਂਦੇ ਸਨ--

*'ਦਰ ਹੰਗਾਮੇ ਰੁਖਸੱਤ ਹਰ ਕਦਾਮੇਂ ਅਜ਼ ਮਸੰਦਾਂ*
*ਰਾ ਗੁਰੂ ਦਸਤਾਰ-ਇ-ਅਨਾਇਤ ਕੁਨੰਦ।'*

ਸਿੱਖ ਦੀ 'ਦਸਤਾਰ' ਦੀ ਸਿਫ਼ਤ-ਸਾਲਾਹ ਫ਼ਾਰਸੀ, ਅੰਗਰੇਜ਼ੀ, ਉਰਦੂ, ਹਿੰਦੀ ਆਦਿ ਭਾਸ਼ਾਵਾਂ ਦੇ ਲੇਖਕਾਂ ਨੇ ਖ਼ੂਬ ਸੁਚੱਜੇ ਢੰਗ ਨਾਲ ਕਲਮਬੰਦ ਕੀਤੀ ਹੈ। ਇਸੇ ਦਸਤਾਰ ਕਾਰਨ ਦੇਸ਼ਾਂ-ਵਿਦੇਸ਼ਾਂ ਵਿਚ ਸਿੱਖਾਂ ਨੂੰ ਆਪਣੀ ਪਹਿਚਾਣ ਬਾਰੇ ਦੱਸਣ ਦੀ ਜ਼ਰੂਰਤ ਨਹੀਂ ਪੈਂਦੀ। ਦਸਤਾਰ ਦੇ ਜਾਹੋ-ਜਲਾਲ ਨੂੰ ਬਰਕਰਾਰ ਰੱਖਣ ਵਾਸਤੇ ਸਿੱਖਾਂ ਨੂੰ ਸੰਸਾਰ ਦੇ ਕਈ ਮੁਲਕਾਂ ਵਿਚ ਸੰਘਰਸ਼ ਵੀ ਕਰਨੇ ਪਏ ਅਤੇ ਅਕਾਲ ਪੁਰਖ ਦੀ ਕਿਰਪਾ ਦੁਆਰਾ ਫਤਹਿਯਾਬੀਆਂ ਵੀ ਨਸੀਬ ਹੋਈਆਂ।

ਨਿਹੰਗ ਸਿੰਘਾਂ ਵੱਲੋਂ ਸਜਾਏ 'ਦਸਤਾਰੇ' ਖਾਸ ਖਿੱਚ ਦਾ ਕਾਰਨ ਹੁੰਦੇ ਹਨ। ਇਹ ਦਸਤਾਰੇ ਕਈ ਵੇਰ ਦੋ ਫੁੱਟ ਤੋਂ ਵੀ ਵੱਧ ਉੱਚੇ ਹੁੰਦੇ ਹਨ। ਜਿਨ੍ਹਾਂ ਵਿਚ ਚੱਕਰ ਅਤੇ ਛੋਟੀਆਂ ਕਿਰਪਾਨਾਂ ਅਤੇ ਖੰਡੇ ਸਜਾਏ ਹੁੰਦੇ ਹਨ।

ਨਿਹੰਗ ਸਿੰਘਾਂ ਦੇ ਦੋ ਜਥੇ ਵੀ ਬੜੇ ਮਸ਼ਹੂਰ ਹਨ, ਇਕ ਬੁੱਢਾ ਦਲ ਤੇ ਦੂਜਾ ਤਰੁਨਾ ਦਲ। ਨਿਹੰਗ ਸਿੰਘਾਂ ਵਿੱਚੋਂ ਬੜੇ ਬੜੇ ਆਗੂ ਵੀ ਹੋਏ ਹਨ ਪਰ ਸਭ ਤੋਂ ਵੱਧ ਪ੍ਰਸਿੱਧੀ ਬਾਬਾ ਨੈਣਾ ਸਿੰਘ ਜੀ ਅਤੇ ਅਕਾਲੀ ਫੂਲਾ ਸਿੰਘ ਜੀ ਨੇ ਹਾਸਲ ਕੀਤੀ। ਅਠਾਰ੍ਹਵੀਂ ਸਦੀ ਵਿਚ ਨਿਹੰਗ ਸਿੰਘਾਂ ਨੇ ਆਪਣੀ ਖਾਸ ਤੇ ਅਨੋਖੀ ਬੋਲੀ ਮੂਰਤੀਮਾਨ ਕੀਤੀ, ਜਿਸ ਨੂੰ 'ਗੜਗੱਜ ਬੋਲੇ' ਵੀ ਆਖਿਆ ਜਾਂਦਾ ਹੈ। ਇਨ੍ਹਾਂ ਬੋਲਿਆਂ ਵਿਚ ਖੁਫ਼ੀਆ ਸੰਕੇਤ ਅਤੇ ਚੜ੍ਹਦੀ ਕਲਾ ਦਾ ਅਹਿਸਾਸ ਹੁੰਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਤਕਰੀਬਨ ਇਕ ਹਜ਼ਾਰ ਅਜਿਹੇ ਬੋਲੇ ਆਪਣੇ 'ਮਹਾਨ ਕੋਸ਼' ਵਿਚ ਦਿੱਤੇ ਹਨ।

ਦਸਤਾਰ ਖਾਲਸੇ ਦੀ ਸਿਰਦਾਰੀ ਹੈ, ਖ਼ੁਦਮੁਖਤਿਆਰੀ ਦਾ ਚਿੰਨ੍ਹ ਹੈ। ਇਸ ਰੂਹਾਨੀ ਸ਼ਕਤੀ ਦੇ ਤਾਜ ਨੂੰ ਆਪਣੇ ਸੀਸ 'ਤੇ ਸਾਂਭ ਕੇ ਰੱਖਣਾ, ਸਿੱਖ ਬੱਚਿਓ! ਸਾਂਭ ਕੇ ਰੱਖਣਾ!

■

ਪੱਗ ਉਤਾਰਿ ਕੇ ਪ੍ਰਸਾਦ ਜੋ ਪਾਵੇ,
ਨਗਨ ਹੋਇ ਜੋ ਨਾਵਹਿ, ਕੁੰਭੀ ਨਰਕ ਭੋਗੇ।
ਕੇਸ ਨਗਨ ਰੱਖੈ, ਸੋ ਮਹਾਂ ਨਰਕ ਭੋਗੇ।
ਕੇਸ ਢਾਪ ਰੱਖੇ।

(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਸ਼ਸਤਰੀ ਸਿੰਘ ਰਾਤਿ ਨੂੰ ਅਕੈੜ ਨਾ ਸਵੈ।
ਲਕੋ ਸਿਰੋ ਨੰਗਾ ਨਾ ਹੋਇ। ਪਗੜੀ ਤਕੜੀ ਬੰਨੈ।

(ਰਹਿਤਨਾਮਾ ਭਾਈ ਚਉਪਾ ਸਿੰਘ ਜੀ)

ਜਿਸ ਕੀ ਲੜਾਈ ਮੇਂ ਪੱਗ ਉਤਰੈ ਸੋ ਟਕਾ,
ਪੱਕਾ ਤਨਖਾਹ, ਜੋ ਉਤਾਰੈ ਦੋ ਟਕੇ ਪੱਕਾ।

(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਜੋ ਸਿੱਖ, ਸਿੱਖ ਦੀ ਪੱਗ ਨੂੰ ਹੱਥ ਪਾਏ, ਸੋ ਭੀ ਤਨਖਾਹੀਆ।

(ਰਹਿਤਨਾਮਾ ਭਾਈ ਚਉਪਾ ਸਿੰਘ ਜੀ)

ਜੋ ਪੱਗ ਨੂੰ ਬਾਸੀ ਰੱਖੇ ਸੋ ਤਨਖਾਹੀਆ।

(ਰਹਿਤਨਾਮਾ ਭਾਈ ਚਉਪਾ ਸਿੰਘ ਜੀ)

"ਗੁਰ ਕਾ ਸਿੱਖ ਪੱਗ ਲੱਥੇ ਦੀ ਸੰਗਤ ਨਾ ਕਰੇ"

(ਭਾਈ ਦਯਾ ਸਿੰਘ)

ਜੋ ਕੇਸਾਧਾਰੀ ਟੋਪੀ ਰੱਖੈ। ਸੋ ਭੀ ਤਨਖਾਹੀਆ।

(ਰਹਿਤਨਾਮਾ ਭਾਈ ਚਉਪਾ ਸਿੰਘ ਜੀ)

ਟੋਪੀ ਵਾਲੇ ਦੇ ਕੇਸਾਧਾਰੀ ਪੈਰੀ ਪਵੈ, ਸੋ ਤਨਖਾਹੀਆ,
ਟੋਪੀ ਵਾਲੇ ਦਾ ਜੂਠਾ ਖਾਏ, ਸੋ ਤਨਖਾਹੀਆ।
ਹੋਇ ਸਿੱਖ ਸਿਰ ਟੋਪੀ ਧਰੇ, ਸਾਤ ਜਨਮ ਕੁਸ਼ਟੀ ਹੋਇ ਮਰੇ।
ਟੋਪੀ ਦੇਖਿ ਨਿਵਾਵਹਿ ਸੀਸ। ਸੋ ਸਿੱਖ ਨਰਕੀ ਬਿਸ੍ਵੈ ਬੀਸ।

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)